Fair Advice Financial | Carle Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to$90,000 in government bonds & grants.
Contact :
647-951-7900
SUKHWINDER NAHAL CFP, CLU Financial Planner
www.fairadvicefinancial.com
7900 Hurontario St., Suite 308, Brampton, ON, L6Y 0P6

ਕੈਨੇਡੀਅਨ
# ਪੰਜਾਬੀ ਪੋਸਟ
Award winning news paper | Canadian Punjabi Post

MORTGAGE ALLIANCE
Get Pre-Qualified in Minutes*
Mortgagealliance.com/ParminderMangat
Parminder Mangat
Mortgage Agent | Lic#10530
647-285-9119
pmangat@mortgagealliance.com
20 Maritime Blvd. Unit #11, Brampton, L6S0C2

Vol 18 * Issue 39
Daily Newspaper Wednesday, February 27, 2019
Tel: 905-793-2202 Fax: 905-793-2282 news@punjabipost.ca

# ਬਰਨਾਬੀ ਸਾਊਥ ਸੀਟ ਜਿੱਤ ਕੇ ਜਗਮੀਤ ਸਿੰਘ ਨੇ ਆਪਣੇ ਆਲੋਚਕਾਂ ਦੇ ਮੂੰਹ ਬੰਦ ਕਰਵਾਏ

ਓਟਵਾ, 26 ਫਰਵਰੀ (ਪੋਸਟ ਬਿਊਰੋ) : ਬ੍ਰਿਟਿਸ਼ ਕੋਲੰਬੀਆ ਵਿੱਚ ਹੋਈਆਂ ਫੈਡਰਲ ਜ਼ਿਮਨੀ ਚੋਣਾਂ ਵਿੱਚ ਸੋਮਵਾਰ ਨੂੰ ਆਪਣੀ ਜਿੱਤ ਦਰਜ ਕਰਵਾ ਕੇ ਜਗਮੀਤ ਸਿੰਘ ਨੇ ਨਾ ਸਿਰਫ ਐਨਡੀਪੀ ਉੱਤੇ ਆਪਣੀ ਕੰਬਦੀ ਹੋਈ ਪਕੜ ਮਜ਼ਬੂਤ ਕਰ ਲਈ ਹੈ ਸਗੋਂ ਫੈਡਰਲ ਚੋਣਾਂ ਵਿੱਚ ਪਾਰਟੀ ਦੀ ਅਗਵਾਈ ਕਰਨ ਦਾ ਆਪਣਾ ਰਾਹ ਵੀ ਪੱਕਾ ਕਰ ਲਿਆ ਹੈ। ਜਗਮੀਤ ਸਿੰਘ ਲਈ ਇਹ ਚੋਣ ਵੱਕਾਰ ਦਾ ਸਵਾਲ ਬਣੀ ਹੋਈ ਸੀ ਤੇ ਉਨ੍ਹਾਂ ਲਈ ਕਰੋ ਜਾਂ ਮਰੋ ਵਾਲੀ ਸਥਿਤੀ ਬਣ ਚੁੱਕੀ ਸੀ।



ਪਰ ਹੁਣ ਉਨ੍ਹਾਂ ਸਾਹਮਣੇ ਵੱਡੀ ਚੁਣੌਤੀ ਪਾਰਟੀ ਨੂੰ ਇਸ ਸਾਲ ਦੇ ਅੰਤ ਵਿੱਚ ਹੋਣ ਵਾਲੀਆਂ ਆਮ ਚੋਣਾਂ ਲਈ ਤਿਆਰ ਕਰਨਾ ਹੈ। ਭਾਵੇਂ ਬਰਨਾਬੀ ਸਾਊਥ ਵਿੱਚ ਐਨਡੀਪੀ ਨੇ ਜਿੱਤ ਦਰਜ ਕਰਵਾਈ ਹੈ ਪਰ ਆਊਟਰਮੌਂਟ, ਮਾਂਟਰੀਅਲ ਦਾ ਉਹ ਹਲਕਾ ਜਿੱਥੋਂ 2011 ਵਿੱਚ ਕਿਊਬਿਕ ਵਿੱਚ ਐਨਡੀਪੀ ਨੇ ਸੰਤਰੀ ਰੰਗ ਦਾ ਪਰਚਮ ਲਹਿਰਾਇਆ ਸੀ, ਵਿੱਚ ਹੋਈ ਜ਼ਿਮਨੀ ਚੋਣ ਵਿੱਚ ਇਹ ਸੀਟ ਲਿਬਰਲਾਂ ਦੇ ਖਾਤੇ ਵਿੱਚ ਚਲੀ ਗਈ। ਪ੍ਰਾਪਤ ਜਾਣਕਾਰੀ ਅਨੁਸਾਰ ਜਗਮੀਤ ਸਿੰਘ ਨੂੰ ਬਰਨਾਬੀ ਸਾਊਥ ਵਿੱਚ 38 ਫੀ ਸਦੀ ਤੋਂ ਵੀ ਵੱਧ ਵੋਟਾਂ ਮਿਲੀਆਂ ਜਦਕਿ ਲਿਬਰਲ ਉਮੀਦਵਾਰ ਨੂੰ 26 ਫੀ ਸਦੀ ਤੇ ਕੰਜ਼ਰਵੇਟਿਵ ਉਮੀਦਵਾਰ ਨੂੰ 22 ਫੀ ਸਦੀ ਵੋਟਾਂ ਮਿਲੀਆਂ।

ਜੇ ਜਗਮੀਤ ਸਿੰਘ ਇਹ ਜ਼ਿਮਨੀ ਚੋਣ ਹਾਰ ਜਾਂਦੇ ਤਾਂ ਉਨ੍ਹਾਂ ਤੋਂ ਉਸੇ ਸਮੇਂ ਹੀ ਐਨਡੀਪੀ ਦੇ ਆਗੂ ਵਜੋਂ ਅਸਤੀਫਾ ਦੇਣ ਦੀ ਮੰਗ ਸ਼ੁਰੂ ਹੋ ਜਾਣੀ ਸੀ। ਜ਼ਿਮਨੀ ਚੋਣਾਂ ਤੋਂ ਠੀਕ ਪਹਿਲਾਂ ਐਨਡੀਪੀ ਦੇ ਸਾਬਕਾ ਆਗੂ ਟੌਮ ਮਲਕੇਅਰ ਨੇ ਵੀ ਇਹ ਸਵਾਲ ਕੀਤਾ ਸੀ ਕਿ ਜਗਮੀਤ ਸਿੰਘ ਅਕਤੂਬਰ ਵਿੱਚ ਹੋਣ ਵਾਲੀਆਂ ਫੈਡਰਲ ਚੋਣਾਂ ਵਿੱਚ ਉਸ ਹਾਲ ਵਿੱਚ ਪਾਰਟੀ ਦੀ ਅਗਵਾਈ ਕਿਵੇਂ ਕਰ ਸਕਦੇ ਹਨ ਜਦੋਂ ਉਹ ਆਪਣੇ ਆਪ ਲਈ ਇੱਕ ਸੀਟ ਨਹੀਂ ਜਿੱਤ ਸਕਦੇ।


ਆਪਣੀ ਜਿੱਤ ਮਗਰੋਂ ਖੁਸ਼ੀ ਵਿੱਚ ਖੀਵੇ ਹੋਏ ਜਗਮੀਤ ਸਿੰਘ ਨੇ ਆਖਿਆ ਕਿ ਅਸੀਂ ਅੱਜ ਇਤਿਹਾਸ ਸਿਰਜ ਦਿੱਤਾ ਹੈ। ਜਗਮੀਤ ਸਿੰਘ ਨੇ ਆਖਿਆ ਕਿ ਬਚਪਨ ਵਿੱਚ ਉਨ੍ਹਾਂ ਕਦੇ ਇਹ ਨਹੀਂ ਸੀ ਸੋਚਿਆ ਕਿ ਉਹ ਵੀ ਪ੍ਰਧਾਨ ਮੰਤਰੀ ਵਜੋਂ ਕਦੇ ਚੋਣ ਲੜ ਸਕਣਗੇ। ਪਰ ਹੁਣ ਅਸੀਂ ਕਈ ਬੱਚਿਆਂ ਨੂੰ ਇਹ ਸਮਝਾ ਰਹੇ ਹਾਂ ਕਿ ਉਹ ਵੀ ਅਜਿਹਾ ਕਰ ਸਕਦੇ ਹਨ। ਜਗਮੀਤ ਸਿੰਘ ਦੀ ਸ਼ਾਨਦਾਰ ਜਿੱਤ ਦੇ ਬਾਵਜੂਦ ਆਊਟਰਮੌਂਟ ਵਾਲੀ ਹਾਰ ਨੇ ਪਾਰਟੀ ਦੇ ਜਸ਼ਨਾਂ ਨੂੰ ਮੱਠਾ ਕਰ ਦਿੱਤਾ। ਵਕੀਲ ਰੇਚਲ ਬੇਂਦਾਇਨ ਨੇ ਲਿਬਰਲ ਪਾਰਟੀ ਵੱਲੋਂ ਇਹ ਸੀਟ 40 ਫੀ ਸਦੀ ਵੋਟਾਂ ਨਾਲ ਜਿੱਤੀ। ਐਨਡੀਪੀ ਦੀ ਜੂਲੀਆ ਸਾਂਚੇਜ਼ ਨੂੰ ਲੱਗਭਗ 27 ਫੀ ਸਦੀ ਵੋਟਾਂ ਹਾਸਲ ਹੋਈਆਂ।

## ਅੰਦਰ ਪੜ੍ਹੋ

ਸੁਪਰ ਏਜੰਸੀ ਕਾਇਮ ਕਰਕੇ ਓਨਟਾਰੀਓ ਬਦਲੇਗਾ ਹੈਲਥ ਕੇਅਰ ਦੀ ਨੁਹਾਰ : ਐਲੀਅਟ


ਪੰਨਾ 03

ਪਾਕਿ ਦੇ ਲੋਕ ਕਹਿੰਦੇ ਨੇ: ਇੰਜ ਲੱਗਾ, ਜਿਵੇਂ ਭੂਚਾਲ ਜਿਹਾ ਹੀ ਆ ਗਿਆ


ਪੰਨਾ 04

## ਜ਼ਿਮਨੀ ਚੋਣ ਜਿੱਤਣ ਤੋਂ ਬਾਅਦ ਟਰੂਡੋ ’ਤੇ ਦਬਾਅ ਵਧਾਉਣ ਦੀ ਤਿਆਰੀ ਵਿੱਚ ਜਗਮੀਤ ਸਿੰਘ

ਓਟਵਾ, 26 ਫਰਵਰੀ (ਪੋਸਟ ਬਿਊਰੋ) : ਜਗਮੀਤ ਸਿੰਘ ਵੱਲੋਂ ਜ਼ਿਮਨੀ ਚੋਣ ਵਿੱਚ ਹੋਈ ਆਪਣੀ ਜਿੱਤ ਦੇ ਜਸ਼ਨ ਵੀ ਉਸੇ ਤਰ੍ਹਾਂ ਹੀ ਮਨਾਏ ਜਾ ਰਹੇ ਹਨ ਜਿਸ ਤਰ੍ਹਾਂ ਉਨ੍ਹਾਂ ਐਨਡੀਪੀ ਲੀਡਰਸ਼ਿਪ ਦੀ ਜਿੱਤ ਦੇ ਜਸ਼ਨ ਨੱਚ ਕੇ ਮਨਾਏ ਸਨ।

ਬਰਨਾਬੀ ਸਾਊਥ ਤੋਂ ਜਗਮੀਤ ਸਿੰਘ ਦੇ ਜਿੱਤਣ ਤੋਂ ਬਾਅਦ ਜਿੱਥੇ ਪਾਰਟੀ ਨੇ ਸੁੱਖ ਦਾ ਸਾਹ ਲਿਆ ਹੈ ਉੱਥੇ ਹੀ ਮੰਗਲਵਾਰ ਸਵੇਰੇ ਦਿੱਤੀ ਇੱਕ ਇੰਟਰਵਿਊ ਵਿੱਚ ਜਗਮੀਤ ਸਿੰਘ ਨੇ ਆਖਿਆ ਕਿ ਅਸੀਂ ਸਾਰੀ ਰਾਤ ਨੱਚ ਕੇ ਹੀ ਇਸ ਜਿੱਤ ਦੇ ਜਸ਼ਨ ਮਨਾਂਵਾਂਗੇ। ਐਨਡੀਪੀ ਦਾ ਆਗੂ ਹੋਣ ਨਾਤੇ ਹੁਣ ਉਨ੍ਹਾਂ ਨੂੰ ਹਾਊਸ ਆਫ ਕਾਮਨਜ਼ ਵਿੱਚ ਆਖਿਰਕਾਰ ਸੀਟ ਮਿਲ ਹੀ ਗਈ। ਅਕਤੂਬਰ 2017 ਵਿੱਚ ਟੌਮ ਮਲਕੇਅਰ ਤੋਂ ਐਨਡੀਪੀ ਦੀ ਵਾਗਡੋਰ ਆਪਣੇ ਹੱਥ ਵਿੱਚ ਲੈਣ ਵਾਲੇ ਜਗਮੀਤ ਸਿੰਘ ਕੋਲ ਹਾਊਸ ਆਫ ਕਾਮਨਜ਼ ਵਿੱਚ ਸੀਟ ਨਹੀਂ ਸੀ ਜਿਸ ਲਈ ਉਹ ਕਾਫੀ ਕੋਸ਼ਿਸ਼ ਕਰ ਰਹੇ ਸਨ।

ਜਗਮੀਤ ਸਿੰਘ ਨੂੰ ਪਤਾ ਹੈ ਕਿ ਹੁਣ ਉਨ੍ਹਾਂ ਦਾ ਸਿੱਧਾ ਮੁਕਾਬਲਾ ਲਿਬਰਲ ਆਗੂ ਤੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਅਤੇ ਕੰਜ਼ਰਵੇਟਿਵ ਆਗੂ ਐਂਡਰਿਊ ਸ਼ੀਅਰ ਨਾਲ ਹੈ। ਉਹ ਇਹ ਵੀ ਜਾਣਦੇ ਹਨ ਕਿ ਫੈਡਰਲ ਚੋਣਾਂ ਵਿੱਚ ਥੋੜ੍ਹਾ ਸਮਾਂ ਰਹਿ ਗਿਆ ਹੈ ਜਿਸ ਕਾਰਨ ਉਨ੍ਹਾਂ ਕੋਲ ਤਿਆਰੀ ਲਈ ਬਹੁਤ ਹੀ ਘੱਟ ਟਾਈਮ ਬਚਿਆ ਹੈ। ਉਨ੍ਹਾਂ ਆਖਿਆ ਕਿ ਉਹ ਚਾਹੁੰਦੇ ਹਨ ਕਿ ਅਗਲੇ ਅੱਠ ਮਹੀਨੇ ਉਹ ਇਕਾਗਰਚਿੱਤ ਹੋ ਕੇ ਇਸ ਬਾਰੇ ਸੋਚਣ ਕਿ ਲੋਕਾਂ ਦੀਆਂ ਜ਼ਿੰਦਗੀਆਂ ਬਿਹਤਰ ਬਣਾਉਣ ਲਈ ਉਹ ਕੀ ਕਰ ਸਕਦੇ ਹਨ।

ਉਨ੍ਹਾਂ ਆਖਿਆ ਕਿ ਹੁਣ ਉਨ੍ਹਾਂ ਨੂੰ ਜਸਟਿਨ ਟਰੂਡੋ ਤੇ ਉਨ੍ਹਾਂ ਦੀ ਲਿਬਰਲ ਸਰਕਾਰ ਉੱਤੇ ਐਸਐਨਸੀ-ਲਾਵਾਲਿਨ ਮਾਮਲੇ ਵਿੱਚ ਵੀ ਦਬਾਅ ਵਧਾਉਣ ਦਾ ਮੌਕਾ ਮਿਲ ਜਾਵੇਗਾ ਤੇ ਉਹ ਆਪਣੇ ਇਸ ਸਵਾਲ ਦਾ ਜਵਾਬ ਮੰਗ ਸਕਣਗੇ ਕਿ ਕੀ ਇਹ ਲਿਬਰਲ ਸਰਕਾਰ ਆਪਣੇ ਚੰਗੇ ਸੰਪਰਕ ਵਾਲੇ ਤੇ ਐਸਐਨਸੀ-ਲਾਵਾਲਿਨ ਵਰਗੇ ਤਾਕਤਵਰ ਦੋਸਤਾਂ ਦੀ ਮਦਦ ਕਰਨ ਵਿੱਚ ਵਧੇਰੇ ਦਿਲਚਸਪੀ ਰੱਖਦੀ ਹੈ।

## ਐਸਐਨਸੀ-ਲਾਵਾਲਿਨ ਮਾਮਲੇ ਵਿੱਚ ਅੱਜ ਕਮੇਟੀ ਸਾਹਮਣੇ ਪੇਸ਼ ਹੋਵੇਗੀ ਰੇਅਬੋਲਡ



ਓਟਵਾ, 26 ਫਰਵਰੀ (ਪੋਸਟ ਬਿਊਰੋ) : ਬਹੁਚਰਚਿਤ ਐਸਐਨਸੀ ਲਾਵਾਲਿਨ ਮਾਮਲੇ ਵਿੱਚ ਗਵਾਹੀ ਦੇਣ ਦਾ ਹਾਊਸ ਦੀ ਨਿਆਂ ਕਮੇਟੀ ਵੱਲੋਂ ਦਿੱਤਾ ਗਿਆ ਸੱਦਾ ਜੋਡੀ ਵਿਲਸਨ ਰੇਅਬੋਲਡ ਵੱਲੋਂ ਸਵੀਕਾਰ ਕਰ ਲਿਆ ਗਿਆ ਹੈ। ਰੇਅਬੋਲਡ ਬੁੱਧਵਾਰ ਨੂੰ ਕਮੇਟੀ ਸਾਹ-ਮਣੇ ਪੇਸ਼ ਹੋਵੇਗੀ।

ਐਸਐਨਸੀ-ਲਾਵਾਲਿਨ ਕੰਪਨੀ ਉੱਤੇ ਕਥਿਤ ਤੌਰ ਉੱਤੇ ਮੁਜਰਮਾਨਾ ਕਾਰਵਾਈ ਨਾ ਕਰਨ ਲਈ ਪੀਐਮਓ ਵੱਲੋਂ ਰੇਅਬੋਲਡ ਉੱਤੇ ਉਸ ਸਮੇਂ ਪਾਏ ਗਏ ਦਬਾਅ ਜਦੋਂ ਉਹ ਅਟਾਰਨੀ ਜਨਰਲ ਸੀ, ਦੇ ਗਲੋਬ ਐਂਡ ਮੇਲ ਵੱਲੋਂ ਆਪਣੀ ਰਿਪੋਰਟ ਵਿੱਚ ਲਾਏ ਗਏ ਦੋਸ਼ਾਂ ਦੇ 20 ਦਿਨ ਬਾਅਦ ਰੇਅਬੋਲਡ ਪਹਿਲੀ ਵਾਰੀ ਜਨਤਕ ਤੌਰ ਉੱਤੇ ਵਿਸਥਾਰ ਨਾਲ ਮਾਮਲੇ ਉੱਤੇ ਚਾਨਣਾ ਪਾਵੇਗੀ। ਮੰਗਲਵਾਰ ਦੁਪਹਿਰ ਨੂੰ ਰੇਅਬੋਲਡ ਨੇ ਕਮੇਟੀ ਨੂੰ ਭੇਜੇ ਪੱਤਰ ਵਿੱਚ ਇਸ ਗੱਲ ਦੀ ਪੁਸ਼ਟੀ ਕੀਤੀ ਕਿ ਉਹ ਕਮੇਟੀ ਦੀ ਬੇਨਤੀ ਉੱਤੇ ਦੁਪਹਿਰੇ 3:15 ਉੱਤੇ ਗਵਾਹੀ ਦੇਵੇਗੀ।

ਇਹ ਮੀਟਿੰਗ ਦੋ ਘੰਟੇ ਲਈ ਚੱਲੇਗੀ, ਜਿਸ ਵਿੱਚ ਰੇਅਬੋਲਡ ਐਮਪੀਜ਼ ਵੱਲੋਂ ਪੁੱਛੇ ਗਏ ਸਵਾਲਾਂ ਦੇ ਜਵਾਬ ਦੇਵੇਗੀ। ਇਹ ਮੀਟਿੰਗ ਵੈਸਟ ਬਲਾਕ ਦੇ ਨਵੇਂ ਕਮੇਟੀ ਮੀਟਿੰਗ ਰੂਮਜ਼ ਦੇ ਅੰਦਰ ਹੋਵੇਗੀ। ਮੀਟਿੰਗ ਵਿੱਚ ਹਿੱਸਾ ਲੈਣ ਵਾਲੀ ਰੇਅਬੋਲਡ ਇੱਕਮਾਤਰ ਗਵਾਹ ਹੋਵੇਗੀ। ਕਮੇਟੀ ਦੇ ਚੇਅਰ ਐਂਥਨੀ ਹਾਊਸਫਾਦਰ ਨੇ ਆਖਿਆ ਕਿ ਅਸੀਂ ਕਈ ਮੁੱਦਿਆਂ ਉੱਤੇ ਰੇਅਬੋਲਡ ਦਾ ਪੱਖ ਸੁਣਨਾ ਚਾਹੁੰਦੇ ਹਾਂ। ਉਨ੍ਹਾਂ ਇਹ ਵੀ ਆਖਿਆ ਕਿ ਉਨ੍ਹਾਂ ਨੂੰ ਇਸ ਗੱਲ ਦੀ ਖੁਸ਼ੀ ਹੈ ਕਿ ਰੇਅਬੋਲਡ ਨੇ ਭਲਕੇ ਆਉਣ ਲਈ ਹਾਮੀ ਭਰੀ ਹੈ।

## ਭਾਰਤੀ ਹਵਾਈ ਫੌਜ ਵੱਲੋਂ ਪਾਕਿ ਵਿੱਚ ਅੱਤਵਾਦੀ ਕੈਂਪਾਂ ਉੱਤੇ ਵੱਡਾ ਹਮਲਾ

### * ਪਾਕਿ ਦੇ ਬਾਲਾਕੋਟ ਤੇ ਹੋਰ ਥਾਂਈਂ ਜੈਸ਼-ਇ-ਮੁਹੰਮਦ ਦੇ ਅੱਡੇ ਤੋੜੇ


ਫਾਈਲ ਫੋਟੋ

ਨਵੀਂ ਦਿੱਲੀ, 26 ਫਰਵਰੀ, (ਪੋਸਟ ਬਿਊਰੋ)- ਭਾਰਤ ਦੀ ਹਵਾਈ ਫੌਜ ਨੇ ਮੰਗਲਵਾਰ ਵੱਡੇ ਤੜਕੇ ਪਾਕਿਸਤਾਨੀ ਕਬਜ਼ੇ ਵਾਲੇ ਕਸ਼ਮੀਰ ਵਿੱਚ ਕੁਝ ਥਾਂਈਂ ਹਮਲੇ ਕਰ ਕੇ ਅੱਤਵਾਦੀ ਗਰੁੱਪ ਜੈਸ਼-ਇ-ਮੁਹੰਮਦ ਦੇ ਕਈ ਅੱਡੇ ਤੋੜ ਦਿੱਤੇ। ਸਮੁੱਚੀ ਕਾਰਵਾਈ ਏਨੀ ਅਚਾਨਕ ਕੀਤੀ ਗਈ ਕਿ ਪਾਕਿਸਤਾਨ ਸਰਕਾਰ ਅਤੇ ਫੌਜ ਬੌਂਦਲ ਕੇ ਰਹਿ

...ਬਾਕੀ ਪੰਨਾ 6 ’ਤੇ

Best Insurance Rates
-Auto -Home -Business
Dir: 647-400-2949
ਕਾਰ ਅਤੇ ਘਰ ਦੀ ਇੰਸ਼ੋਰੈਂਸ ਲਈ ਘੱਟ ਰੇਟ
Discounts upto 35% on Auto & Home
Amanpreet S. Batth R.I.B.O
Address: 1550 South Gateway Rd. Suite 220 Mississauga, ON L4W 5G6

JOSHI LAW OFFICE
Barrister, Solicitor & Notary Public
info@joshilawoffice.com | joshilawoffice.com
Immigration
Real Estate / Commercial Law
Affidavit / Power of Attorney
6921 Steels Ave. W. Unit 11, Etobicoke, ON
Rakesh M. Joshi B.A., LL.B
416-213-8600

INSURANCE
Home, Auto, Business, Trucking, R.E.S.P, Commercial
647-206-2452
Sukhwinder K Singh
CONNEX
7050A Bramalea Rd, Unit # 13, Mississauga, ON L5S 1T1

AUTO & HOME INSURANCE
Super visa Insurance
Life & Disability
Critical illness
RESP
Visitor & Travel insurance
All Care Insurance Inc.
(416-845-1352) Manwinder Mangat Broker
Aaxel InsuranceBrokers Ltd.
1332 Khalsa Dr, Unit # 11, Mississauga, ON L5S 0A2

ਕੀ ਤੁਸੀ ਕਾਕਰੋਚ, ਚੂਹੇ, ਕਿੜੇ-ਮੁਕੌੜਿਆਂ ਤੋਂ ਪਰੇਸ਼ਾਨ ਹੋ ਤੇ ਬੈਡ ਬੱਗਾਂ ਨੇ ਤੁਹਾਡੀ ਰਾਤਾਂ ਦੀ ਨਿੰਦ ਖਰਾਬ ਕੀਤੀ ਹੋਈ ਹੈ?
ਟਰੀਟਮੈਂਟ ਕਰਵਾਈ ਸੀ ਪਰ ਬਣੀ ਨੀ ਗੱਲ? ਤਾਂ ਘਬਰਾਓ ਨਾ ਟਰਾਂਟੋ ਪੈਸਟ ਅਰੈਸਟ ਵਾਲੇ ਕਰਨਗੇ ਪੱਕਾ ਹਲ !
Toronto Pest Arrest
Pest Control Services
Residential /Commercial/Industrial
ਕਾਲ ਕਰੋ: 647-515-8000
ਘੱਟ ਕੀਮਤ ਦੀ ਨਹੀ, ਪਰ ਸਿੱਕੇ ਬੰਦ ਕੰਮ ਦੀ ਗਰੰਟੀ ਹੈ
Insured & Licensed

HELPING YOUR PLAN TODAY......FOR TOMORROW
Supervisa / Visitor Insurance
Life /Mortgage/Funeral Insurance
Disability Insurance
Critical Illness Insurance
RESP /RRSP
JATINDERBIR S BAJWA Insurance Broker
Dir: 647-928-4990 www.ufsinsurance.com
# 25-831 Bovarid Dr. W. Brampton,ON,L6X0T9

Law Office of Aman Sharma
Real Estate - Commercial Lease
Business Purchase & Sale
Notarizations & Affidavits
Wills & Power Of Attorney
Fax: 905-913-2344 Tel: 905-913-2355
Aman Sharma
4515 Ebenezer Rd, Suite 211, Brampton, Ontario L6P2K7
Open Saturday
Providing excellent quality legal services to our clients

GOEL TRAVEL
Low Rates Best Service
ਸਸਤੀਆਂ ਹਵਾਈ ਟਿਕਟਾਂ ਅਤੇ ਵਧੀਆ ਸਰਵਿਸ ਲਈ ਇੱਕ ਵਾਰੀ ਕਾਲ ਜ਼ਰੂਰ ਕਰੋ
ਗੋਇਲ ਟਰੈਵਲ
Tico # 50021780
905.796.7500
900 Raylawson Blvd. Unit # 6, Brampton

MANN LAW FIRM
Real Estate Law, Business Law, Wills & Estates, Family Law, Power of Attorney, Civil Litigation, Affidavits Notarization / Declaration
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333
www.mannlawfirm.ca

HSBA TAX SERVICES
ਟੈਕਸ ਕਿਵੇਂ ਤੇ ਕਿਥੇ ਬਚਾਉਣਾ ਹੈ?
*Corporation's Registration - Federal $240, Ontario $380*
Initial Business Setup and Consultation
Personal & Corporation
Accounting & Bookkeeping Services
Tax Planning
HST, WSIB & Payroll Taxes
CRA Appeals, Audits & Notice of Objection
Cash Flow, Forecasts & Project Reports
Registered Education Saving Plans (RESPs)
Prabhjot Kaur Sr. Accountant, M.B.A
Email:info@hsbatax.com
Tel: 647-720-5278 20%Discount For Students, New Immigrants and Senior Citizens
100 Maritime Ontario Blvd., Unit 77, Brampton, ON L6S 0E7

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
ਪਾਵਰ ਆਫ ਸੇਲ ਨੋਟਿਸ ?
ਗਾਰਨਿਸ਼ਮੈਂਟ?
ਬੈਂਕ ਵਲੋਂ ਪੈਸੇ ਦੀ ਮੰਗ ?
ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਕਰਜ਼ੇ ਦੀ ਸਿਰਦਰਦੀ ?
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
Late Evening and Weekends Appointments Available
1888 864 3131
Jasbir Singh Hundal Qualified Credit Counsellor
www.MakeMeDebtFree.ca
416-502-3100
Unit #20 - 7015 Tranmere Drive Mississauga, ON L5S 1T7

ਕੀ ਤੁਸੀ ਕਿੜੇ-ਮੁਕੌੜਿਆਂ ਤੋਂ ਪਰੇਸ਼ਾਨ ਹੋਂ?
MICE, COCKROACH, BEDBUG & ALL COMMON BUGS
All Pest Control
AFFORDABLE & RELIABLE
100% Customer Satisfaction
KSG Pest Control Inc.
Residential, Commercial
www.ksgpestcontrol.ca
ksgpestcontrol@gmail.com
Amarjeet Singh Gill Certified & Licensed Exterminator
647.990.3205

Super Visa Insurance
Visitor Visa Insurance
Travel Insurance
Student Insurance
New Immigrant 90 Days Med. Insurance
Punjab Insurance Inc
www.punjabinsurance.com
Sherjang Singh Rana 416.910.9000 rana@punjabinsurance.ca
10-7003 Steeles Ave. West, Etobicoke, ON M9W 0A2
Harpreet Rana 416.871.3571 harpreetrana@punjabinsurance.ca

INSURANCE
Life / Disability / Critical Illness
Super Visa / Visitor / Travel /
RRSP / RESP /
SHEVINDER SIDHU Insurance Advisor
416-557-8080
shevindersidhu@gmail.com
10-7003 Steeles Ave. West, Etobicoke

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre
Cell: 416-841-4218 Tel: 905-216-5563
Avon Financial Inc.
Brokerage Lic. 12538
Harpreet Singh Goraya
Principal Broker (Lic # M12000607)
831 Bovaird Dr. West, Unit 25, Brampton, ON L6X 0T9 Fax : 905-216-0392

PROTECT YOUR HOME FROM PESTS
Pest Control
Low Rates/Excellent Pest Control Services
100% Success rate for bed bug Treatment
Free Home Inspection Call Today
Ranjit Sidhu Certified & Licenced Exterminator
BED BUG MATTRESS COVER ALSO AVAILABLE
A-Z Pest Control
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

Royal Pest Control
Residential Commercial Industrial
Specialist in Bedbugs Service
All Pest Control :
Mouse & Rats, Spiders & Fleas, Bedbugs, Wasps, Cockroaches, Carpenter Ants, Silver Fish, Racoons
Call : PARESH PATEL
416 938 4598

KELLEY LAW OFFICE
Immigration, Real Estate, Family Law, Business Closing, Corporate, Wills & Estate, Power of Attorney/Affidavit /Attestations
www.kelleylawoffice.ca | info@kelleylawoffice.ca
1200 Derry Road E, #15, Mississauga, ON L5T 0B3
Shinder Kelley
905-362-0755

CN Forklift Training Center
Counterbalance All Types, Walkie pallet Low Lift, Electric Motor Narrow Aisle Reach, Cherry Order Picker
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
Cell: 416 726 6206 Tel: 905 405 0001
NC Dhawan Certified Instructor

NU WAY TOUR & TRAVELS INC.

ਸਸਤੀਆਂ ਹਵਾਈ ਟਿਕਟਾਂ ਅਤੇ ਭਰੋਸੇਯੋਗ ਸੇਵਾਵਾਂ ਲੈਣ ਲਈ ਨਿਊ-ਵੇ ਨੂੰ ਕਾਲ ਕਰੋ

AIR TICKETS | CRUISES | VACATIONS | TRAVEL INSURANCE

International & Domestic Air Tickets
- Cheapest Air Fares
- Price Match Guaranteed
- 24/7 Emergency Services
- Reliable & Excellent Customer Service
- 100% Customer Satisfaction

Travel Worry Free With Insurance
- Super Visa Insurance
- Visitor to Canada
- Trip Cancellation
- Trip Interruption

Manulife



Call Us For Guaranteed Lowest Airfare
ANY Airline Time Destination Around the World

7015 Tranmere Dr. Unit- 8, Mississauga, ON L5S 1T7
Tel: 905 362 0937 | Fax: 1 855 897 0900
www.nuwaytravels.com E-mail- info@nuwaytravels.com



WEFCI Ensuring Wealth for Generations

ਕੀ ਤੁਹਾਡੀ Insurance ਕਰਣ ਤੋਂ ਨਾਂਹ ਕਰ ਦੀਤੀ ਹੈ ?

Are you looking for:
- Best rates of Life Insurance
- Good rates for mortgage Insurance
- Guaranteed Cash Back Insurance Policy
- RESP with 15% & guaranteed cash value for children



Please Contact Sagar Rana 647.262.5625
or send an email at Sagar.rana@wefci.com



PATANJALI® Special on Sale

BUY 2 GET 1 FREE
- Aloe Vera Gel
- Herbal Toothpaste
- Any Shampoo
- Any Soap

Aloe Vera Gel | Toothpaste (Dant Kanti) | Hair Cleanser

Buy 1 and get 2nd 50% off
- Tulsi Vati
- Neem Vati



416.356.3987
647.773.7657

$4.99 Whole Wheat Atta

www.patanjalisewakendrabrampton.ca
patanjalibrampton@gmail.com

22-2120 North park Dr. Brampton L6S 0C9 905-790-1118
124-1065 Canadian place Mississauga L4W 0C2 905-238-3131
503 Ray Lawson Blvd #3 Brampton L6Y 0N2



ਮੂੰਹੋ ਬੋਲਦੀ Kitchen and Washroom ਬਣਵਾਓ

Pearson Kitchen & Cabinet

Free Estimate
We Specialize in granite, quartz & marble countertops

100% Satisfaction On Time



We Specialize In:
- Kitchen Cabinets, Pantries & Floor tiles
- All Types of Range Hoods (etc.Heavy Duty, Noiseless)
- Installation of Washroom Vanities, Showers and bathroom tiles
- Many Counter-top options to choose from (Granite, Marble, Quartz; etc.)
- Custom Office Counters & Bar Installation
- We install all kinds of tiles and hardwood floor

ਵਾਜਿਬ ਦਾਮ ਤੇ ਸਮੇਂ ਸਿਰ ਕੰਮ

Call Vikramjit Sangha: 416-200-0931

Special Discount for Contractors | Buy Direct From The Factory

271 - Glidden Rd. Unit#5, Brampton (Kennedy&Glidden)



Data everywhere.
No surprise charges anywhere.

NEW
NATION-WIDE. NO ZONES.
TALK, TEXT & DATA PLANS
$35/MO.

chatr™ AUTHORIZED DEALER

379 Main St. North, Brampton, ON
2456 Lake shore Blvd W., Etobicoke, ON

Taxes extra. Offer subject to change without notice. Get up to 1GB of data on the Talk, Text and Data Plan. Once you reach your 3G speed data allotment, your data speed will be reduced until your next anniversary date. ™ Trademarks used under license ©2019

## ਅੱਜ ਨਾਮਾ >>

ਕੁਝ ਕੁਝ ਪੈਂਦਾ ਹੈ ਮੀਂਹ ਤੇ ਫੇਰ ਗਰਮੀ,
ਪੈਂਦੀ ਫੇਰ ਆ ਕੋਈ-ਕੋਈ ਕਣੀ ਮੀਆਂ।
ਹਟਦੀ ਕਣੀ ਤੇ ਚਮਕਦੀ ਧੁੱਪ ਮੁੜ ਕੇ,
ਪਲ ਨੂੰ ਬੱਦਲੀ ਹੁੰਦੀ ਆ ਤਣੀ ਮੀਆਂ।
ਇੱਕੋ ਜਿਹਾ ਨਾ ਲੰਘਦਾ ਵਕਤ ਬਾਹਲਾ,
ਕੋਈ ਨਾ ਧੁੱਪ ਤੇ ਛਾਂ 'ਚੋਂ ਘਣੀ ਮੀਆਂ।
ਮੁੜ ਕੇ ਪੈਂਦਾ ਚੁਮਾਸਾ ਬਈ ਜਾਨ ਕੱਢਣ,
ਬਾਹਲੀ ਰੁੱਤ ਕਸੂਤੀ ਜਿਹੀ ਬਣੀ ਮੀਆਂ।
ਇਹੋ ਰੁੱਤ ਦੇ ਬਾਰੇ ਵਿੱਚ ਸੁਣੀਂਦਾ ਸੀ,
ਸਾਧ ਬਣੇ ਸਨ ਅੱਕੇ ਪਏ ਜੱਟ ਮੀਆਂ।
ਬਣੇ ਸਾਧ ਤੇ ਕੋਈ ਨਹੀਂ ਬਣੇ ਬੇਸ਼ੱਕ,
ਕੱਢੀ ਜਾਂਵਦੀ ਰੁੱਤ ਆਹ ਵੱਟ ਮੀਆਂ।

ਤੀਸ ਮਾਰ ਖਾਂ

# ਭਾਰਤ ਦੇ ਹਵਾਈ ਹਮਲੇ ਵਿੱਚ ਜਹਾਜ਼ ਅਗਵਾ ਕਾਂਡ ਦਾ ਦੋਸ਼ੀ ਵੀ ਮਾਰਿਆ ਗਿਆ

ਨਵੀਂ ਦਿੱਲੀ, 26 ਫਰਵਰੀ, (ਪੋਸਟ ਬਿਊਰੋ)- ਭਾਰਤੀ ਹਵਾਈ ਫੌਜ ਦੇ ਜਹਾਜ਼ਾਂ ਵੱਲੋਂ ਅੱਜ ਸਰਹੱਦ ਪਾਰ ਪਾਕਿਸਤਾਨੀ ਕਬਜ਼ੇ ਵਾਲੇ ਕਸ਼ਮੀਰ ਵਿੱਚ ਅੱਤਵਾਦੀ ਢਾਂਚੇ ਉੱਤੇ ਬੰਬਾਰੀ ਦੌਰਾਨ ਮਸੂਦ ਅਜ਼ਹਰ ਦੇ ਸਾਲੇ ਯੂਸੁਫ ਅਜ਼ਹਰ ਅਤੇ ਵੱਡੇ ਭਰਾ ਇਬ੍ਰਾਹਿਮ ਅਜ਼ਹਰ ਦੇ ਮਾਰੇ ਜਾਣ ਦੀ ਜਾਣਕਾਰੀ ਮਿਲੀ ਹੈ।



ਮਿਲੀ ਜਾਣਕਾਰੀ ਅਨੁਸਾਰ ਮਸੂਦ ਅਜ਼ਹਰ ਦਾ ਭਰਾ ਇਬ੍ਰਾਹਿਮ ਅਜ਼ਹਰ ਸਾਲ 1999 ਵਿੱਚ ਭਾਰਤ ਦੇ ਹਵਾਈ ਜਹਾਜ਼ ਨੂੰ ਹਾਈਜੈੱਕ ਕਰਨ ਦੀ ਵਾਰਦਾਤ ਵਿੱਚ ਸ਼ਾਮਿਲ ਸੀ। ਸਾਲ 1999 ਵਿੱਚ ਇੰਡੀਅਨ ਏਅਰਲਾਈਨਜ਼ ਦਾ ਜਹਾਜ਼ ਨੇਪਾਲ ਤੋਂ ਮੁੜਦਾ ਹਾਈਜੈੱਕ ਕੀਤਾ ਗਿਆ ਅਤੇ ਅੱਤਵਾਦੀ ਇਸ ਨੂੰ ਕਾਠਮੰਡੂ ਤੋਂ ਅੰਮ੍ਰਿਤਸਰ ਅਤੇ ਲਾਹੌਰ ਤੋਂ ਬਾਅਦ ਅਫਗਾਨਿਸਤਾਨ ਦੇ ਕੰਧਾਰ ਸ਼ਹਿਰ ਲੈ ਗਏ ਸੀ। ਓਥੇ ਹੋਈ ਸੌਦੇਬਾਜ਼ੀ ਵਿੱਚ 178 ਮੁਸਾਫਰਾਂ ਦੇ ਬਦਲੇ ਅੱਤਵਾਦੀਆਂ ਨੇ ਮੌਲਾਨਾ ਮਸੂਦ ਅਜ਼ਹਰ ਸਮੇਤ 3 ਅੱਤਵਾਦੀਆਂ ਨੂੰ ਛੁਡਾ ਲਿਆ ਸੀ ਅਤੇ ਉਨ੍ਹਾਂ ਨੂੰ ਇਸ ਕੰਮ ਲਈ ਅਫਗਾਨਿਸਤਾਨ ਦੀ ਓਦੋਂ ਦੀ ਤਾਲਿਬਾਨ ਸਰਕਾਰ ਤੇ ਪਾਕਿਸਤਾਨ ਦੀ ਸਰਕਾਰ ਤੇ ਫੌਜੀ ਕਮਾਂਡ ਦੀ ਹਮਾਇਤ ਹਾਸਲ ਸੀ। ਦੱਸਿਆ ਜਾਂਦਾ ਹੈ ਕਿ ਇਸ ਜਹਾਜ਼ ਨੂੰ ਹਾਈਜੈੱਕ ਕਰਨ ਵਾਲੇ ਅੱਤਵਾਦੀਆਂ ਵਿੱਚ ਮਸੂਦ ਅਜ਼ਹਰ ਦਾ ਭਰਾ ਇਬ੍ਰਾਹਿਮ ਅਜ਼ਹਰ ਵੀ ਸ਼ਾਮਲ ਸੀ। ਇਸ ਜਹਾਜ਼ ਨੂੰ ਅੱਤਵਾਦੀਆਂ ਨੇ ਜਹਾਜ਼ ਵਿੱਚ ਤੇਲ ਭਰਵਾਉਣ ਲਈ ਪਹਿਲਾਂ ਲਾਹੌਰ ਵਿੱਚ ਉਤਾਰਨ ਦੀ ਕੋਸ਼ਿਸ਼ ਕੀਤੀ, ਪਰ ਪਾਕਿਸਤਾਨ ਨੇ ਨੰਗੀ ਮਦਦ ਦੇਣ ਤੋਂ ਇਨਕਾਰ ਕਰ ਦਿੱਤਾ ਤਾਂ ਇਸ ਨੂੰ ਅੰਮ੍ਰਿਤਸਰ ਉਤਾਰਿਆ ਗਿਆ, ਪਰ ਏਥੇ ਵੀ ਤੇਲ ਨਹੀਂ ਭਰਿਆ ਜਾ ਸਕਿਆ ਸੀ। ਇਸ ਪਿੱਛੋਂ ਭਾਰਤ ਨੇ ਮੁਸਾਫਰਾਂ ਦੀ ਸੁਰੱਖਿਆ ਦੇਖਦੇ ਹੋਏ ਪਾਕਿਸਤਾਨ ਨੂੰ ਏਅਰਕ੍ਰਾਫਟ ਦੀ ਲੈਂਡਿੰਗ ਲਈ ਮਨਜ਼ੂਰੀ ਦੇਣ ਨੂੰ ਕਹਿ ਦਿੱਤਾ ਸੀ। ਲਾਹੌਰ ਵਿੱਚ ਤੇਲ ਭਰਨ ਤੋਂ ਬਾਅਦ ਇਹ ਜਹਾਜ਼ ਦੁਬਈ ਪੁਚਾਇਆ ਗਿਆ ਤੇ 25 ਦਸੰਬਰ 1999 ਸਵੇਰੇ ਇਸ ਜਹਾਜ਼ ਨੇ ਦੁਬਈ ਤੋਂ ਆਫਿਗਾਨਿਸਤਾਨ ਆ ਕੇ ਕੰਧਾਰ ਵਿੱਚ ਲੈਂਡਿੰਗ ਕੀਤੀ ਸੀ। ਇਸ ਪਿੱਛੋਂ ਇਕ ਹਫਤਾ ਇਹ ਜਹਾਜ਼ ਅੱਤਵਾਦੀਆਂ ਦੇ ਕਬਜ਼ੇ ਵਿੱਚ ਰਿਹਾ। ਹਾਈਜੈੱਕ ਕਰਨ ਵਾਲਿਆਂ ਨੇ ਭਾਰਤ ਸਰਕਾਰ ਤੋਂ ਮੌਲਾਨਾ ਮਸੂਦ ਅਜ਼ਹਰ ਦੇ ਸਮੇਤ ਜੇਲ ਵਿੱਚ ਬੰਦ 35 ਅੱਤਵਾਦੀ ਛੱਡਣ ਤੇ 29 ਕਰੋੜ ਡਾਲਰ ਦੀ ਫਿਰੌਤੀ ਦੀ ਮੰਗ ਕੀਤੀ, ਪਰ ਬਾਅਦ ਵਿੱਚ ਫਿਰੌਤੀ ਦੀ ਮੰਗ ਛੱਡ ਕੇ ਤਿੰਨ ਅੱਤਵਾਦੀ ਛੱਡਣ ਵਾਲਾ ਸੌਦਾ ਕੀਤਾ ਸੀ, ਜਿਸ ਵਿੱਚ ਮਸੂਦ ਅਜ਼ਹਰ ਸਭ ਤੋਂ ਮੁੱਖ ਸੀ। ਓਦੋਂ ਅਟਲ ਬਿਹਾਰੀ ਵਾਜਪਾਈ ਦੀ ਸਰਕਾਰ ਨੇ ਮੁਸਾਫਰਾਂ ਦੀ ਜਾਨ ਬਚਾਉਣ ਲਈ ਤਿੰਨ ਅੱਤਵਾਦੀ ਮੌਲਾਨਾ ਮਸੂਦ ਅਜ਼ਹਰ, ਮੁਸ਼ਤਾਕ ਅਹਿਮਦ ਜ਼ਰਾਰ ਅਤੇ ਅਹਿਮਦ ਉਮਰ ਸਈਦ ਸ਼ੇਖ ਨੂੰ ਕੰਧਾਰ ਪੁਚਾ ਕੇ ਛੱਡ ਦਿੱਤਾ ਸੀ ਅਤੇ 31 ਦਸੰਬਰ ਨੂੰ ਮੁਸਾਫਰਾਂ ਦੀ ਰਿਹਾਈ ਮਗਰੋਂ ਭਾਰਤ ਵਾਪਸ ਲਿਆਂਦਾ ਗਿਆ ਸੀ। ਫਿਰ ਮਸੂਦ ਅਜ਼ਹਰ ਨੇ ਸਾਲ 2000 ਵਿੱਚ ਅੱਤਵਾਦੀ ਸੰਗਠਨ ਜੈਸ਼-ਇ-ਮੁਹੰਮਦ ਦੀ ਨੀਂਹ ਰੱਖੀ ਸੀ।

COLUMBUS TRUCK WASH
Open 7 Days
A/Z Drivers Needed
For Local Work (Busy All 7 Days a Week)
6771 COLUMBUS RD, UNIT #12
MISSISSAUGA ON (Near Dixie Gurughar)
905-672-1635

REXDALE FINANCIAL SERVICES
WE HELP YOU START, GROW AND SUCCEED
We bring Canada's leading lenders to you
The Mortgage Centre
I direct mortgages Inc.
21 Roysun Rd, #6, Woodbridge, ON L4L 8R3
Ph: 905.652.3000 ext 467 | 905.652.300 ext 468
Each Mortgage center is independently owned and operated
Call now: 416.674.8035 | 416.674.7050 or Fax: 416.674.9009
ਮਿਲ ਰਹੇ ਘੱਟ ਵਿਆਜ ਦਰਾਂ ਦਾ ਫਾਇਦਾ ਚੱਕੋ ਅਤੇ ਹਜ਼ਾਰਾਂ ਹੀ ਡਾਲਰ ਬਚਾਓ!
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT
ਜਿਆਦਾ ਕਰਜਾ ਦੇ ਕੇ ਥੱਕ ਚੁੱਕੇ ਹੋ? ਆਪਣਾ ਕਰਜਾਂ ਚੁਕਾਓ!!!
ਬੈਂਕ ਨੇ ਕਰ ਦਿੱਤੀ 'ਨਾਂਹ', ਅਸੀਂ ਕਰਾਂਗੇ 'ਹਾਂ'
Increase Your Cash Flow by Upto 50%
MORTGAGES SUITABLE FOR EVERY NEED!
1st & 2nd Mortgage Available
ALL IN ONE LOW MONTHLY PAYMENT!
YOU NEED A MORTGAGE? WE'LL ARANGE IT FOR YOU NO MATTER WHAT YOUR REASON IS!
Self Employed or Unemployed
* Some Conditions Aplly
Each Mortgage Centre is independently owned and operated
19 Woodbine Downs Blvd, #201, Etobicoke, ON M9W 6N5
416.677.0047
Jaspal Singh Gahunia #M08006400

# ਸੁਪਰ ਏਜੰਸੀ ਕਾਇਮ ਕਰਕੇ ਓਨਟਾਰੀਓ ਬਦਲੇਗਾ ਹੈਲਥ ਕੇਅਰ ਦੀ ਨੁਹਾਰ : ਐਲੀਅਟ

## ਵਿਰੋਧੀ ਧਿਰਾਂ ਨੇ ਨਿੱਜੀਕਰਨ ਦਾ ਪ੍ਰਗਟਾਇਆ ਖਦਸ਼ਾ



ਟੋਰਾਂਟੋ, 26 ਫਰਵਰੀ (ਪੋਸਟ ਬਿਊਰੋ) : ਹੈਲਥ ਸਿਸਟਮ ਵਿੱਚ ਸੁਧਾਰ ਲਈ ਓਨਟਾਰੀਓ ਸਰਕਾਰ ਆਪਣੇ ਲੋਕਲ ਤੇ ਪ੍ਰੋਵਿੰਸ਼ੀਅਲ ਨੈੱਟਵਰਕਸ ਨੂੰ ਮਜ਼ਬੂਤ ਕਰਕੇ ਇੱਕ ਸੈਂਟਰਲ ਏਜੰਸੀ ਕਾਇਮ ਕਰਨ ਜਾ ਰਹੀ ਹੈ। ਇਸ ਦਾ ਐਲਾਨ ਸਿਹਤ ਮੰਤਰੀ ਵੱਲੋਂ ਮੰਗਲਵਾਰ ਨੂੰ ਕੀਤਾ ਗਿਆ। ਹਾਲਾਂਕਿ ਉਨ੍ਹਾਂ ਇਹ ਨਹੀਂ ਦੱਸਿਆ ਕਿ ਇਸ ਕਦਮ ਨਾਲ ਪੈਸੇ ਦੀ ਬਚਤ ਹੋਵੇਗੀ ਜਾਂ ਨੌਕਰੀਆਂ ਖੁੱਸਣਗੀਆਂ।

ਮੰਗਲਵਾਰ ਨੂੰ ਪੇਸ਼ ਕੀਤੇ ਗਏ ਬਿੱਲ ਵਿੱਚ ਇੱਕ ਏਜੰਸੀ ਕਾਇਮ ਕਰਨ ਦਾ ਮੁੱਢ ਬੰਨ੍ਹਿਆ ਗਿਆ ਹੈ ਜਿਸ ਨੂੰ ਓਨਟਾਰੀਓ ਹੈਲਥ ਦਾ ਨਾਂ ਦਿੱਤਾ ਜਾ ਸਕਦਾ ਹੈ। ਇਸ ਰਾਹੀਂ 14 ਲੋਕਲ ਹੈਲਥ ਇੰਟੇਗ੍ਰੇਸ਼ਨ ਨੈੱਟਵਰਕਜ਼ ਜਿਵੇਂ ਕਿ ਕੈਂਸਰ ਕੇਅਰ ਓਨਟਾਰੀਓ, ਈ ਹੈਲਥ ਓਨਟਾਰੀਓ ਤੇ ਕਈ ਹੋਰਨਾਂ ਏਜੰਸੀਆਂ ਨੂੰ ਮਜ਼ਬੂਤ ਕੀਤਾ ਜਾਵੇਗਾ। ਸਿਹਤ ਮੰਤਰੀ ਕ੍ਰਿਸਟੀਨ ਐਲੀਅਟ ਨੇ ਆਖਿਆ ਕਿ ਹੈਲਥ ਕੇਅਰ ਲਈ ਲੋਕਲ ਹੈਲਥ ਟੀਮਾਂ ਕਾਇਮ ਕਰਨ ਤੇ ਸਮੁੱਚੇ ਸਿਸਟਮ ਦੀ ਤਬਦੀਲੀ ਵਿੱਚ ਕਈ ਸਾਲਾਂ ਦਾ ਸਮਾਂ ਲੱਗ ਜਾਵੇਗਾ।

ਪ੍ਰਾਪਤ ਜਾਣਕਾਰੀ ਅਨੁਸਾਰ ਓਨਟਾਰੀਓ ਹੈਲਥ ਵਿੱਚ ਸ਼ਾਮਲ ਹੋਣ ਵਾਲੀ ਹਰੇਕ ਏਜੰਸੀ ਦੀ ਆਪਣੀ ਸੀਨੀਅਰ ਮੈਨੇਜਮੈਂਟ ਟੀਮ ਹੋਵੇਗੀ ਤੇ ਉਸ ਨੂੰ ਪੂਰਾ ਪ੍ਰਸ਼ਾਸਕੀ ਸਹਿਯੋਗ ਵੀ ਹਾਸਲ ਹੋਵੇਗਾ। ਕੁੱਝ ਸਮੇਂ ਬਾਅਦ ਇਸ ਵਿੱਚੋਂ ਕੁੱਝ ਕੰਮ ਨੂੰ ਮੁੜ ਆਯੋਜਿਤ ਕੀਤਾ ਜਾਵੇਗਾ। ਪਰ ਇਹ ਸਾਰਾ ਕੁੱਝ ਅਸਲ ਵਿੱਚ ਮਰੀਜ਼ਾਂ ਦੁਆਲੇ ਹੀ ਕੇਂਦਰਿਤ ਰਹੇਗਾ। ਇਹ ਕੋਈ ਵਿੱਤੀ ਐਕਸਰਸਾਈਜ਼ ਨਹੀਂ ਹੈ। ਇਹ ਪੁੱਛੇ ਜਾਣ ਉੱਤੇ ਕਿ ਇਸ ਨਾਲ ਕਿੰਨਾ ਸਟਾਫ ਰੋਜ਼ਗਾਰ ਤੋਂ ਸੱਖਣਾ ਹੋ ਜਾਵੇਗਾ ਤਾਂ ਐਲੀਅਟ ਨੇ ਆਖਿਆ ਕਿ ਇਹ ਅਜਿਹਾ ਸਵਾਲ ਹੈ ਜਿਸ ਦਾ ਉਹ ਹਾਲ ਦੀ ਘੜੀ ਕੋਈ ਜਵਾਬ ਨਹੀਂ ਦੇ ਸਕਦੀ।

ਇਹ ਪੁੱਛੇ ਜਾਣ ਉੱਤੇ ਕਿ ਏਜੰਸੀ ਨੂੰ ਮਜ਼ਬੂਤ ਕਰਨ ਦੇ ਨਾਂ ਉੱਤੇ ਸਰਕਾਰ ਪੈਸੇ ਬਚਾਉਣਾ ਚਾਹੁੰਦੀ ਹੈ ਇਸ ਬਾਰੇ ਐਲੀਅਟ ਨੇ ਕੁੱਝ ਨਹੀਂ ਆਖਿਆ ਪਰ ਉਨ੍ਹਾਂ ਆਖਿਆ ਕਿ ਓਨਟਾਰੀਓ ਹਰੇਕ ਡਾਲਰ ਵਿੱਚੋਂ 42 ਸੈਂਟ ਹੈਲਥ ਕੇਅਰ ਉੱਤੇ ਖਰਚ ਕਰ ਰਿਹਾ ਹੈ ਅਤੇ ਅਧਿਐਨ ਦੱਸਦਾ ਹੈ ਕਿ ਇਸ ਦੇ ਬਾਵਜੂਦ ਪ੍ਰੋਵਿੰਸ ਨੂੰ ਇਸ ਦੀ ਸਹੀ ਕੀਮਤ ਨਹੀਂ ਮਿਲ ਰਹੀ। ਓਨਟਾਰੀਓ ਹੈਲਥ ਵਿੱਚ ਜਿਨ੍ਹਾਂ ਹੋਰਨਾ ਏਜੰਸੀਆਂ ਨੂੰ ਸ਼ਾਮਲ ਕੀਤਾ ਜਾਵੇਗਾ ਉਨ੍ਹਾਂ ਵਿੱਚ ਹੈਲਥ ਕੁਆਲਿਟੀ ਓਨਟਾਰੀਓ, ਟ੍ਰਿਲੀਅਮ ਗਿਫਟ ਆਫ ਲਾਈਫ ਨੈੱਟਵਰਕ, ਹੈਲਥ ਸ਼ੇਅਰਡ ਸਰਵਿਸਿਜ਼ ਓਨਟਾਰੀਓ ਤੇ ਹੈਲਥ ਫੋਰਸ ਓਨਟਾਰੀਓ ਮਾਰਕਿਟਿੰਗ ਐਂਡ ਰਕਰੂਟਮੈਂਟ ਏਜੰਸੀ ਮੁੱਖ ਹਨ।

ਇਸ ਦੇ ਨਾਲ ਹੀ ਐਲੀਅਟ ਮੁਤਾ-ਬਕ ਓਨਟਾਰੀਓ ਹੈਲਥ ਟੀਮਜ਼ ਹੈਲਥ ਸਰਵਿਸਿਜ਼, ਪ੍ਰਾਇਮਰੀ ਕੇਅਰ, ਹਸਪਤਾਲ, ਹੋਮ ਤੇ ਕਮਿਊਨਿਟੀ ਕੇਅਰ, ਪੈਲੀਏਟਿਵ ਕੇਅਰ, ਰੈਜ਼ੀਡੈਂਸ਼ੀਅਲ ਲਾਂਗ ਟਰਮ ਕੇਅਰ ਤੇ ਮੈਂਟਲ ਹੈਲਥ ਤੇ ਕਿਸੇ ਤਰ੍ਹਾਂ ਦੀ ਨਸ਼ੇ ਦੀ ਲਤ ਛੁਡਵਾਉਣ ਸਬੰਧੀ ਸੇਵਾਵਾਂ ਦੇਣਗੀਆਂ। ਐਲੀਅਟ ਨੇ ਦੱਸਿਆ ਕਿ ਇਹ ਟੀਮਾਂ ਹੀ ਮਰੀਜ਼ਾਂ ਦੀ ਹਰ ਤਰ੍ਹਾਂ ਦੀ ਸਾਂਭ ਸੰਭਾਲ ਲਈ ਜ਼ਿੰਮੇਵਾਰ ਹੋਣਗੀਆਂ। ਉਨ੍ਹਾਂ ਆਖਿਆ ਕਿ ਸਾਡਾ ਟੀਚਾ 30 ਤੋਂ 50 ਟੀਮਾਂ ਕਾਇਮ ਕਰਨਾ ਹੈ। ਜਿਨ੍ਹਾਂ ਵਿੱਚੋਂ ਹਰੇਕ 300,000 ਮਰੀਜ਼ਾਂ ਲਈ ਜ਼ਿੰਮੇਵਾਰ ਹੋਵੇਗੀ। ਐਲੀਅਟ ਨੇ ਆਖਿਆ ਕਿ ਇਸ ਨਾਲ ਮਰੀਜ਼ ਦੀ ਡਾਕਟਰ ਨਾਲ ਹੋਣ ਵਾਲੀ ਮੁਲਾਕਾਤ ਵਿੱਚ ਕੋਈ ਫਰਕ ਨਹੀਂ ਆਵੇਗਾ।

ਐਨਡੀਪੀ ਆਗੂ ਐਂਡਰੀਆ ਹੌਰਵਥ ਨੇ ਆਖਿਆ ਕਿ ਉਨ੍ਹਾਂ ਨੂੰ ਡਰ ਹੈ ਕਿ ਇਸ ਨਾਲ ਸੇਵਾਵਾਂ ਦੇ ਨਿਜੀਕਰਨ ਦਾ ਰਾਹ ਖੁੱਲ੍ਹ ਜਾਵੇਗਾ। ਇਸ ਦੌਰਾਨ ਓਨਟਾਰੀਓ ਹੈਲਥ ਕੋਲੀਸ਼ਨ ਨੇ ਆਖਿਆ ਕਿ ਉਹ ਪਬਲਿਕ ਨੌਨ ਪ੍ਰੌਫਿਟ ਹੈਲਥ ਸੇਵਾਵਾਂ ਦੇ ਨਿਜੀਕਰਨ ਦੀ ਕਿਸੇ ਵੀ ਕੋਸ਼ਿਸ਼ ਦੇ ਖਿਲਾਫ ਸੰਘਰਸ਼ ਕਰਨਗੇ।

AMAN TRAVEL
ਅਮਨ ਟਰੈਵਲ
SPECIAL FARES TO DELHI & AMRITSAR
TICO # 50022741
LAST MINUTE DEALS AVAILABLE
GAURAV GUPTA
905.796.3535
ਦੇਸ਼ ਵਿਦੇਸ਼ ਜਾਣ ਸਮੇਂ ਸਸਤੀਆਂ ਹਵਾਈ ਟਿਕਟਾਂ ਅਤੇ ਭਰੋਸੇਮੰਦ ਸਰਵਿਸ ਲੈਣ ਲਈ ਕਾਲ ਕਰੋ
218 KINGKNOLL DR., BRAMPTON, ON L6Y 4X4

ukttc UK
UK TRUCK TRAINING CENTRE
PCC #179958
Registered as a Private Careers College
Forklift $79 Recertification
Automatic & Manual Trucks
1:1 Training
Forklift Training
Reach Truck
Counterbalance
Air Brake Classes
Sat-Sun 8am to 4pm
Kuldip Singh Grewal
647.894.8590
17 ਸਾਲਾਂ ਦਾ ਤਜ਼ਰਬਾ | 7 ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾ ਦੀ ਸਪੈਸ਼ਲ ਟ੍ਰੇਨਿੰਗ
Gurjot Singh Grewal: 437-224-8500
Off:905.673.7979
7542 Bath Rd, Mississauga, ON L4T 1L2

ਕਰੋਨਿਕ ਲਿਵਰ ਪਰੋਬਲਮ ਦਾ ਸ਼ਰਤੀਆ ਇਲਾਜ਼
ਲਿਵਰ ਸਰੋਇਸਿਸ, ਫੈਟੀ ਲਿਵਰ, ਹੈਪਾਟਾਇਟਸ A, B &C ਪੀਲੀਆ
ਡਿਪਰੈਸ਼ਨ ਦਾ ਸ਼ਰਤੀਆ ਇਲਾਜ਼ Symptoms: ਰਾਤ ਨੂੰ ਨੀਂਦ ਨਾ ਆਉਣਾ, ਘਬਰਾਹਟ ਹੋਣੀ, Anxiety, Confidence ਨਹੀਂ ਰਹਿਣਾ, ਮੰਨ ਉਦਾਸ ਰਹਿਣਾ, ਚੇਤਾ ਭੁੱਲਣਾ ਆਦਿ ਤਕਲੀਫਾਂ ਦਾ ਇਲਾਜ ਹੈ। ਮਹਾਵਾਰੀ ਅਤੇ uterus ਤੇ breast ਦੀਆ ਰਸੌਲੀਆਂ ਦਾ ਵੀ ਸ਼ਰਤੀਆ ਇਲਾਜ ਹੈ।
ਹਾਈ ਬੀ-ਪੀ, ਕੋਲੈਸਟਰੋਲ, ਹਾਰਟ ਪਰੋਬਲਮ,ਆਰਟਰੀ ਦੀ ਬਲੋਕੇਜ, ਬਾਇਪਾਸ ਸਰਜਰੀ ਤੋ ਬਚਾਉ ਦਾ ਪੱਕਾ ਇਲਾਜ।
ਬੱਚਿਆਂ ਦਾ ਬਿਸਤਰੇ ਤੇ ਪਿਸ਼ਾਬ ਕਰਣਾ, ਬੱਚਿਆਂ ਦਾ ਪੜ੍ਹਾਈ ਵਿਚ ਕਮਜ਼ੋਰ ਹੋਣਾ, ਬਜ਼ੁਰਗਾਂ ਦਾ ਪਿਸ਼ਾਬ ਬਾਰ-ਬਾਰ ਆਉਣਾ ਜਾਂ ਰੁਕਣਾ। ਜੇਕਰ ਤੁਸੀਂ Stunt ਜਾਂ ਬਾਈ ਪਾਸ ਸਰਜਰੀ ਤੋਂ ਬੱਚਣਾ ਚਾਹੁੰਦੇ ਹੋ ਤਾਂ ਅੱਜ ਹੀ ਸਾਨੂੰ ਸੰਪਰਕ ਕਰੋ। ਸਰਜਰੀ ਅਤੇ Stunt ਤੋਂ ਬੱਚਣ ਲਈ ਸਾਡੇ ਕੋਲ ਤੱਸਲੀਬੱਖਸ਼ ਇਲਾਹ ਹੈ।
ਆਪਣੀ ਚਿਹਰੇ ਦੀ ਖੂਬਸੂਰਤੀ ਨੂੰ ਵਧਾਓ, ਜਿੱਦੀ ਛਾਈਆਂ ਵਰਗੀ ਨਾਮੁਰਾਦ ਬਿਮਾਰੀ ਤੋਂ ਹਮੇਸ਼ਾ ਲਈ ਛੁਟਕਾਰਾ ਪਾਓ। ਸਿਰ ਵਿੱਚ ਸਿਕਰੀ/dandruf ਦਾ ਪੱਕਾ ਇਲਾਜ।
Exima, ਬਵਾਸੀਰ ਦਾ ਪੱਕਾ ਇਲਾਜ ਹੈ ਅੱਖਾਂ ਲਾਲ, ਨਕ ਵਧਣਾ, ਖਾਜ ਹੋਣੀ ਫੁਲਾਂ ਤੋ ਅਤੇ ਘਾਹ ਤੋ ਅਲਰਜੀ, Sinus, Headache, running nose, sneezing ਆਦਿ ਤਕਲੀਫਾਂ ਦਾ ਵੀ ਜੜੋ ਇਲਾਜ ਹੈ। ਕਬਜ਼ ਦਾ ਇਲਾਜ ਤੇ ਸ਼ਰਾਬ ਛਡਣ ਦਾ ਸ਼ਰਤੀਆ ਇਲਾਜ,ਅੱਡੀਆਂ ਦੀਆਂ ਹੱਡੀਆਂ ਵੱਧ ਜਾਣਾ ਤੇ ਪੈਰਾਂ ਦੀਆਂ ਭੌਰੀਆਂ ਦਾ ਪੱਕਾ ਇਲਾਜ ਹੈ।
ਬਿਨਾ ਤਕਲੀਫ ਤੋਂ ਸ਼ਰਾਬ ਛਡੱਣ ਦਾ ਸ਼ਰਤੀਆ ਇਲਾਜ
NO SIDE EFFECTS
100% Natural Cure ਵਧੇਰੀ ਜਾਣਕਾਰੀ ਲਈ ਕਾਲ ਕਰੋ: 647-643-7593

ਬਿਜਲੀ ਦਾ ਕੋਈ ਵੀ ਛੋਟਾ/ਵਡਾ ਕੰਮ ਹੋਵੇ
• Residential/Commercial/Industrial
• Basement Electrical Wiring
• Service Panel Upgrading
• Fire Alarm
• Driveway Lights
For All Kinds of Electrical Work
Save UPTO 40 TO 50% On Your HYDRO BILL
LED Pot Lights(Indoor/Outdoor) ਲਗਵਾਓ Hydro Bill ਤੇ 40%-50% ਬਚਾਓ
Contact: Nirmal Singh Johal(Certified Electrician)647-716-2677

SherGill Law Firm
Barrister, Solicitor & Notary Public
Services:
• Real Estate
• Family Law
• Residential, Commercial, Franchise
• Affidavit, Power Of Attorney & Notarization
• Criminal Law
• Immigration Matters
Paramjit Singh Gill (MBA,LL.B.)
Phone : 905-790-3636
Emergency Contact: 416.910.5676
www.shergilllawfirm.ca
2565 Steeles Ave E Unit #20, Brampton, ON L6T 4L6

# ਭਾਰਤੀ ਹਵਾਈ ਫੌਜ ਦੀ ਕਾਰਵਾਈ ਦੇ ਬਾਅਦ ਪਾਕਿਸਤਾਨ ਅੰਦਰ ਹਲਚਲ ਦੀ ਸਥਿਤੀ

## * ਮੀਟਿਗਾਂ ਦਾ ਦੌਰ, ਪਰ ਵਿਦੇਸ਼ੀ ਤਾਕਤਾਂ ਭਾਰਤ ਨਾਲ ਖੜ੍ਹੀਆਂ

ਨਵੀਂ ਦਿੱਲੀ, 26 ਫਰਵਰੀ, (ਪੋਸਟ ਬਿਊਰੋ)- ਪਾਕਿਸਤਾਨੀ ਕਬਜ਼ੇ ਵਾਲੇ ਕਸ਼ਮੀਰ ਅਤੇ ਹੋਰ ਥਾਂਈਂ ਭਾਰਤੀ ਹਵਾਈ ਫ਼ੌਜ ਦੀ ਕਾਰਵਾਈ ਮਗਰੋਂ ਅੱਜ ਪਾਕਿਸਤਾਨ ਦੀ ਕੌਮੀ ਸੁਰੱਖਿਆ ਕੌਂਸਲ ਦੀ ਬੈਠਕ ਹੋਈ, ਜਿਸ ਦੀ ਪ੍ਰਧਾਨਗੀ ਦੇਸ਼ ਦੇ ਪ੍ਰਧਾਨ ਮੰਤਰੀ ਇਮਰਾਨ ਖ਼ਾਨ ਨੇ ਕੀਤੀ। ਇਸ ਮੌਕੇ ਇਮਰਾਨ ਖ਼ਾਨ ਨੇ ਕਿਹਾ ਕਿ ਭਾਰਤ ਨੇ ਇਹ ਇਕਪਾਸੜ ਉਕਸਾਊ ਕਾਰਵਾਈ ਕੀਤੀ ਹੈ ਅਤੇ ਅਸੀਂ ਆਪਣੇ ਮਿਥੇ ਸਮੇਂ ਉੱਤੇ ਮਿਥੀ ਹੋਈ ਜਗ੍ਹਾ ਉੱਤੇ ਇਸ ਦਾ ਢੁਕਵਾਂ ਜਵਾਬ ਦੇਵਾਂਗੇ ਇਸ ਦੌਰਾਨ ਸਾਰੇ ਪਾਕਿਸਤਾਨ ਵਿੱਚ ਹਲਚਲ ਦੀ ਸਥਿਤੀ ਬਣੀ ਹੋਈ ਦੱਸੀ ਗਈ ਹੈ।

ਅੱਜ ਪ੍ਰਧਾਨ ਮੰਤਰੀ ਇਮਰਾਨ ਖ਼ਾਨ ਨੇ ਆਪਣੇ ਦੇਸ਼ ਦੇ ਲੋਕਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਉਹ ਹਰ ਹਾਲਤ ਦੇ ਲਈ ਤਿਆਰ ਰਹਿਣ। ਇਸ ਦੌਰਾਨ ਵਿਦੇਸ਼ ਮੰਤਰੀ ਸ਼ਾਹ ਮਹਿਮੂਦ ਕੁਰੈਸ਼ੀ ਨੇ ਕਿਹਾ ਹੈ ਕਿ ਉਹ ਆਪਣੇ ਮੀਡੀਆ ਨੂੰ ਇਸ ਕਾਰਵਾਈ ਵਾਲੀ ਥਾਂ ਲੈ ਕੇ ਜਾਣਗੇ, ਪਰ ਹਾਲੇ ਓਥੇ 'ਮੌਸਮ' ਠੀਕ ਨਹੀਂ ਹੈ।

ਭਾਰਤ ਦੇ ਸਰਕਾਰੀ ਸੂਤਰਾਂ ਮੁਤਾਬਕ ਮਿਰਾਜ 2000 ਜਹਾਜ਼ਾਂ ਨੇ ਪਾਕਿ-ਸਤਾਨ ਦੇ ਅੱਤਵਾਦੀ ਕੈਂਪਾਂ ਉੱਤੇ 1000 ਕਿੱਲੋ ਵਾਲੇ 6 ਬੰਬ ਸੁੱਟੇ ਸਨ। ਮਿਲੀਆਂ ਸੂਚਨਾਵਾਂ ਅਨੁਸਾਰ ਹਮਲੇ ਨਾਲ ਪਾਕਿਸਤਾਨ ਵਿਚ ਭਾਰੀ ਨੁਕਸਾਨ ਹੋਇਆ ਹੈ। ਹਵਾਈ ਫ਼ੌਜ ਦੀ ਇਸ ਕਾਰਵਾਈ ਵਿਚ 300 ਤੋਂ ਵੱਧ ਅੱਤਵਾਦੀਆਂ ਦੇ ਮਰਨ ਦੀ ਖ਼ਬਰ ਹੈ। ਇਸ ਸਥਿਤੀ ਉੱਤੇ ਚਰਚਾ ਲਈ ਪਾਕਿਸਤਾਨੀ ਪ੍ਰਧਾਨ ਮੰਤਰੀ ਨੇ ਕੌਮੀ ਸੁਰੱਖਿਆ ਕੌਂਸਲ ਦੀ ਮੀਟਿੰਗ ਸੱਦੀ ਸੀ, ਜਿਸ ਦੇ ਬਾਅਦ ਦੇਸ਼ ਦੇ ਲੋਕਾਂ ਨੂੰ ਸੰਬੋਧਨ ਕੀਤਾ ਸੀ। ਦੂਸਰੇ ਪਾਸੇ ਡਿਪਲੋਮੇਟਿਕ ਪੱਧਰ ਉੱਤੇ ਭਾਰਤ ਨੂੰ ਹਮਾਇਤ ਮਿਲੀ ਹੈ। ਅਮਰੀਕਾ ਦਾ ਇਹ ਬਿਆਨ ਆਇਆ ਹੈ ਕਿ ਇਸ ਕੇਸ ਵਿੱਚ ਪਾਕਿਸਤਾਨ ਨੂੰ ਉਸ ਦੀ ਕੋਈ ਮਦਦ ਨਹੀਂ ਮਿਲੇਗੀ। ਆਸਟ੍ਰੇਲੀਆ ਨੇ ਵੀ ਭਾਰਤ ਦੀ ਹਮਾਇਤ ਕੀਤੀ ਅਤੇ ਪਾਕਿਸਤਾਨ ਨੂੰ ਅੱਤਵਾਦੀਆਂ ਖ਼ਿਲਾਫ਼ ਸਖ਼ਤ ਕਾਰਵਾਈ ਲਈ ਕਿਹਾ ਹੈ।

# ਪਾਕਿ ਦੇ ਲੋਕ ਕਹਿੰਦੇ ਨੇ: ਇੰਜ ਲੱਗਾ, ਜਿਵੇਂ ਭੂਚਾਲ ਜਿਹਾ ਹੀ ਆ ਗਿਆ



ਬਾਲਾਕੋਟ, 26 ਫਰਵਰੀ, (ਪੋਸਟ ਬਿਊਰੋ)- ਭਾਰਤੀ ਹਵਾਈ ਫ਼ੌਜ ਦੇ ਹਮਲੇ ਹੇਠ ਆਏ ਉੱਤਰੀ-ਪੂਰਬੀ ਪਾਕਿਸਤਾਨ ਦੇ ਬਾਲਾਕੋਟ ਵਾਲੇ ਅੱਤਵਾਦੀ ਕੈਂਪਾਂ ਦੇ ਨੇੜਲੇ ਪਿੰਡਾਂ ਦੇ ਲੋਕ ਭਾਰੀ ਦਹਿਸ਼ਤ ਵਿਚ ਹਨ। ਉਨ੍ਹਾਂ ਦਾ ਕਹਿਣਾ ਹੈ ਕਿ ਰਾਤ ਨੂੰ ਅਚਾਨਕ ਜਹਾਜ਼ਾਂ ਦੀ ਗੜਗੜਾਹਟ ਪਿੱਛੋਂ ਇੰਜ ਲੱਗਾ, ਜਿਵੇਂ ਭੂਚਾਲ ਆ ਗਿਆ।

ਇੱਕ ਸੰਸਾਰ ਪੱਧਰ ਦੀ ਖ਼ਬਰ ਏਜੰਸੀ ਨੂੰ ਆਮ ਲੋਕਾਂ ਨੇ ਦੱਸਿਆ ਕਿ ਜਿਸ ਥਾਂ ਹਮਲਾ ਹੋਇਆ, ਓਥੇ ਜੈਸ਼-ਇ-ਮੁਹੰਮਦ ਦਾ ਵੱਡਾ ਟ੍ਰੇਨਿੰਗ ਕੈਂਪ ਚੱਲਦਾ ਸੀ। ਆਪਣਾ ਨਾਂ ਨਾ ਦੱਸਣ ਦੀ ਸ਼ਰਤ ਉੱਤੇ ਇਕ ਨਾਗਰਿਕ ਨੇ ਕਿਹਾ, 'ਮੈਂ ਉਸੇ ਜਗ੍ਹਾ ਦਾ ਹਾਂ। ਮੈਂ ਜਾਣਦਾ ਹਾਂ ਕਿ ਓਥੇ ਅੱਤਵਾਦੀਆਂ ਦਾ ਟ੍ਰੇਨਿੰਗ ਕੈਂਪ ਹੁੰਦਾ ਸੀ। ਜੈਸ਼-ਇ-ਮੁਹੰਮਦ ਦੇ ਲੋਕ ਇਸ ਕੈਂਪ ਨੂੰ ਚਲਾਉਂਦੇ ਸਨ। ਕਈ ਸਾਲ ਪਹਿਲਾਂ ਇਸ ਨੂੰ ਮਦਰੱਸੇ ਦਾ ਰੂਪ ਦੇ ਦਿੱਤਾ ਗਿਆ ਸੀ, ਪਰ ਉਦੋਂ ਵੀ ਕਿਸੇ ਨੂੰ ਓਧਰ ਨੂੰ ਜਾਣ ਦੀ ਇਜਾਜ਼ਤ ਨਹੀਂ ਸੀ। ਮਦਰੱਸੇ ਵਿੱਚ ਹਰ ਵਕਤ ਵੱਡੀ ਗਿਣਤੀ ਵਿੱਚ ਵਿਦਿਆਰਥੀ ਕਹਾਉਂਦੇ ਲੋਕ ਵੇਖੇ ਜਾਂਦੇ ਸਨ।' ਇਕ ਹੋਰ ਨਾਗਰਿਕ ਨੇ ਉਸ ਜਗ੍ਹਾ ਉੱਤੇ ਜੈਸ਼-ਇ-ਮੁਹੰਮਦ ਦਾ ਮਦਰੱਸਾ ਹੋਣ ਦੀ ਗੱਲ ਕਹੀ ਤੇ ਕਈ ਹੋਰਨਾਂ ਨੇ ਤੜਕ ਸਾਰ ਹੋਏ ਜ਼ੋਰਦਾਰ ਧਮਾਕਿਆਂ ਦੀ ਗੱਲ ਮੰਨੀ ਹੈ।

ਅੱਜ ਦੇ ਇਸ ਹਮਲੇ ਪਿੱਛੋਂ ਪਾਕਿ-ਸਤਾਨ ਦੀ ਸਰਕਾਰ ਵਿਰੁੱਧ ਲੋਕਾਂ ਵਿੱਚ ਦੱਬਵਾਂ ਗੁੱਸਾ ਦੱਸਿਆ ਜਾ ਰਿਹਾ ਹੈ ਤੇ ਕਾਫੀ ਘਬਰਾਹਟੀ ਫੈਲੀ ਦੱਸੀ ਗਈ ਹੈ। ਪਾਕਿਸਤਾਨ ਦੀ ਪਾਰਲੀਮੈਂਟ ਵਿੱਚ ਅੱਜ ਵੱਡੇ ਹੰਗਾਮੇ ਦੌਰਾਨ 'ਇਮਰਾਨ ਖਾਨ ਮੁਰਦਾਬਾਦ' ਦੇ ਨਾਅਰੇ ਲਾਏ ਗਏ ਅਤੇ ਇਮਰਾਨ ਖਾਨ ਨੂੰ 'ਸ਼ੇਮ-ਸ਼ੇਮ' ਕਹਿ ਕੇ ਬੇਇੱਜ਼ਤੀ ਕੀਤੀ ਗਈ ਹੈ।

ਇਸ ਦੌਰਾਨ ਪਾਕਿਸਤਾਨੀ ਫੌਜ ਨੇ ਪੁਸ਼ਟੀ ਕੀਤੀ ਹੈ ਕਿ ਮੰਗਲਵਾਰ ਤੜਕੇ ਭਾਰਤੀ ਜਹਾਜ਼ਾਂ ਨੇ 'ਚਾਰ ਬੰਬ' ਸੁੱਟੇ ਹਨ। ਪਾਕਿਸਤਾਨੀ ਫੌਜ ਨੇ ਇਸ ਨੂੰ ਇਹ ਕਹਿ ਕੇ ਹਲਕਾ ਕਰਨ ਦੀ ਕੋਸ਼ਿਸ਼ ਕੀਤੀ ਕਿ ਹਮਲੇ ਨੂੰ ਅਸਫਲ ਕਰ ਦਿੱਤਾ ਗਿਆ ਤੇ ਵਾਪਸ ਮੁੜਦੇ ਜਹਾਜ਼ਾਂ ਨੇ ਬੰਬ ਸੁੱਟ ਦਿੱਤੇ ਸਨ। ਪਾਕਿਸਤਾਨੀ ਫੌਜ ਦੇ ਬੁਲਾਰੇ ਮੇਜਰ ਜਨਰਲ ਆਸਿਫ ਗਫੂਰ ਨੇ ਕਿਹਾ ਕਿ ਉਹ ਆਪਣੇ ਜਵਾਬ ਵਿੱਚ ਭਾਰਤ ਨੂੰ 'ਹੈਰਾਨ' ਕਰ ਦੇਣਗੇ ਤੇ ਇਹ ਜਵਾਬ ਡਿਪਲੋਮੈਟਿਕ, ਸਿਆਸੀ ਅਤੇ ਫੌਜੀ ਸਮੇਤ ਹਰ ਖੇਤਰ ਵਿੱਚ ਦਿੱਤਾ ਜਾਵੇਗਾ। ਉਨ੍ਹਾਂ ਕਿਹਾ ਕਿ ਪ੍ਰਧਾਨ ਮੰਤਰੀ ਇਮਰਾਨ ਖਾਨ ਨੇ ਫੌਜ ਤੇ ਲੋਕਾਂ ਨੂੰ ਕਿਹਾ ਹੈ ਕਿ ਉਹ ਹਰ ਹਾਲਤ ਲਈ ਤਿਆਰ ਰਹਿਣ, ਸਮਾਂ ਆ ਗਿਆ ਹੈ ਕਿ ਭਾਰਤ ਸਾਡੇ ਜਵਾਬ ਦਾ ਇੰਤਜ਼ਾਰ ਕਰੇ।

# ਅਯੁੱਧਿਆ ਮਾਮਲਾ ਸੁਪਰੀਮ ਕੋਰਟ ਵਿੱਚ ਫਿਰ ਲਟਕਿਆ

## ਸਹਿਮਤੀ ਨਾਲ ਵਿਵਾਦ ਸੁਲਝਾਉਣ ਦਾ ਸੁਝਾਅ ਪੇਸ਼



ਨਵੀਂ ਦਿੱਲੀ, 26 ਫਰਵਰੀ, (ਪੋਸਟ ਬਿਊਰੋ)- ਅਯੁੱਧਿਆ ਵਿਚ ਰਾਮ ਮੰਦਰ-ਬਾਬਰੀ ਮਸਜਿਦ ਜ਼ਮੀਨ ਵਿਵਾਦ ਵਾਲੇ ਕੇਸ ਨੂੰ ਸੁਲਝਾਉਣ ਲਈ ਭਾਰਤ ਦੀ ਸੁਪਰੀਮ ਕੋਰਟ ਨੇ ਵਿਚੋਲਗੀ ਦੀ ਕੋਸ਼ਿਸ਼ ਉੱਤੇ ਜ਼ੋਰ ਦਿੱਤਾ ਹੈ। ਕੋਰਟ ਨੇ ਕਿਹਾ ਕਿ ਅਗਲੇ ਮੰਗਲਵਾਰ 5 ਮਾਰਚ ਨੂੰ ਸੰਵਿਧਾਨਕ ਬੈਂਚ ਇਸ ਬਾਰੇ ਫੈਸਲਾ ਲਵੇਗੀ।

ਚੀਫ ਜਸਟਿਸ ਰੰਜਨ ਗੋਗੋਈ ਦੀ ਪ੍ਰਧਾਨਗੀ ਵਾਲੀ 5 ਜੱਜਾਂ ਦੇ ਇੱਕ ਬੈਂਚ ਨੇ ਅੱਜ ਇਹ ਕਿਹਾ ਕਿ ਇਸ ਕੇਸ ਨੂੰ ਕੋਰਟ ਵਲੋਂ ਨਿਯੁਕਤ ਵਿਚੋਲੇ ਨੂੰ ਸੌਂਪਣ ਜਾਂ ਨਾ ਸੌਂਪਣ ਬਾਰੇ 5 ਮਾਰਚ ਨੂੰ ਹੁਕਮ ਦਿੱਤਾ ਜਾਵੇਗਾ। ਅਦਾਲਤ ਨੇ ਕਿਹਾ ਕਿ ਜੇ ਵਿਚੋਲਗੀ ਦੀ ਇਕ ਫੀਸਦੀ ਵੀ ਸੰਭਾਵਨਾ ਹੋਵੇ ਤਾਂ ਸਿਆਸੀ ਪੱਖ ਤੋਂ ਸੰਵੇਦਨਸ਼ੀਲ ਇਸ ਜ਼ਮੀਨੀ ਕੇਸ ਦੇ ਹੱਲ ਲਈ ਇਕ ਕੋਸ਼ਿਸ਼ ਕੀਤੀ ਜਾਣੀ ਚਾਹੀਦੀ ਹੈ।

ਵਰਨਣ ਯੋਗ ਹੈ ਕਿ ਸੁਪਰੀਮ ਕੋਰਟ ਦੀ ਸੰਵਿਧਾਨਕ ਬੈਂਚ ਵਿਚ ਚੀਫ ਜਸਟਿਸ ਰੰਜਨ ਗੋਗੋਈ ਦੇ ਨਾਲ ਜਸਟਿਸ ਬੋਬੜੇ, ਜਸਟਿਸ ਡੀ ਵਾਈ ਚੰਦਰਚੂੜ, ਜਸਟਿਸ ਅਸ਼ੋਕ ਭੂਸ਼ਣ ਅਤੇ ਜਸਟਿਸ ਐੱਸ ਏ ਨਾਜ਼ੀਰ ਸ਼ਾਮਲ ਹਨ। ਕੋਰਟ ਨੇ ਕਿਹਾ ਕਿ ਅਗਲੀ ਪੇਸ਼ੀ ਤੋਂ ਪਹਿਲਾਂ ਸੰਬੰਧਤ ਧਿਰਾਂ ਨੂੰ ਕੋਰਟ ਨੂੰ ਦੱਸਣਾ ਹੋਵੇਗਾ ਕਿ ਉਹ ਕੇਸ ਦਾ ਸਮਝੌਤਾ ਚਾਹੁੰਦੇ ਹਨ ਜਾਂ ਨਹੀਂ। ਜਸਟਿਸ ਬੋਬੜੇ ਨੇ ਕਿਹਾ ਕਿ ਇਹ ਨਿਜੀ ਜਾਇਦਾਦ ਦਾ ਕੇਸ ਨਹੀਂ, ਮੁੱਦਾ ਪੂਜਾ ਦੇ ਅਧਿਕਾਰ ਨਾਲ ਜੁੜਿਆ ਹੈ। ਸੁਣਵਾਈ ਦੌਰਾਨ ਜਿੱਥੇ ਕੁਝ ਮੁਸਲਿਮ ਧਿਰਾਂ ਨੇ ਕਿਹਾ ਕਿ ਵਿਵਾਦ ਦੇ ਹੱਲ ਲਈ ਕੋਰਟ ਵਲੋਂ ਵਿਚੋਲੇ ਦੀ ਨਿਯੁਕਤੀ ਦੇ ਸੁਝਾਅ ਨਾਲ ਸਹਿਮਤ ਹਨ, ਓਥੇ ਰਾਮ ਲੱਲਾ ਦੀਆਂ ਕੁਝ ਹਿੰਦੂ ਧਿਰਾਂ ਨੇ ਇਸ ਉੱਤੇ ਇਤਰਾਜ਼ ਕਰਦੇ ਹੋਏ ਕਿਹਾ ਕਿ ਵਿਚੋਲਗੀ ਦੀ ਪ੍ਰਕਿਰਿਆ ਪਹਿਲਾਂ ਕਈ ਵਾਰ ਫੇਲ੍ਹ ਹੋ ਚੁੱਕੀ ਹੈ। ਇਸ ਬਾਰੇ ਜਸਟਿਸ ਬੋਬੜੇ ਨੇ ਕਿਹਾ ਕਿ ਅਸੀਂ ਜ਼ਮੀਨ ਦੇ ਕੇਸ ਦਾ ਫੈਸਲਾ ਕਰ ਸਕਦੇ ਹਾਂ, ਪਰ ਅਸੀਂ ਉਸ ਤੋਂ ਵੱਧ ਆਪਸੀ ਰਿਸ਼ਤਿਆਂ ਨੂੰ ਦਰੁੱਸਤ ਕਰਨ ਬਾਰੇ ਸੋਚ ਰਹੇ ਹਾਂ। ਇਸ ਪਿੱਛੋਂ ਕੋਰਟ ਨੇ ਵਿਚੋਲਗੀ ਦੇ ਹੁਕਮ ਲਈ 5 ਮਾਰਚ ਦੀ ਤਰੀਕ ਤੈਅ ਕੀਤੀ ਤੇ ਇਹ ਵੀ ਕਿਹਾ ਕਿ ਟਰਾਂਸਲੇਸ਼ਨ ਉੱਤੇ ਸਹਿਮਤੀ ਬਣਾਈ ਜਾ ਸਕੇ, ਇਸ ਲਈ ਸੁਣਵਾਈ ਅਗਲੇ 6 ਹਫਤੇ ਤਕ ਲਈ ਟਾਲੀ ਜਾ ਰਹੀ ਹੈ। 6 ਦਸੰਬਰ 1992 ਨੂੰ ਅਯੁੱਧਿਆ ਵਿਚ ਬਾਬਰੀ ਮਸਜਿਦ ਢਾਹ ਦਿੱਤੀ ਗਈ ਸੀ। ਇਸ ਬਾਰੇ ਅਪਰਾਧਕ ਕੇਸ ਦੇ ਨਾਲ ਸਿਵਲ ਕੇਸ ਵੀ ਚੱਲ ਰਿਹਾ ਸੀ ਅਤੇ 30 ਸਤੰਬਰ 2010 ਨੂੰ ਇਲਾਹਾਬਾਦ ਹਾਈ ਕੋਰਟ ਨੇ ਫੈਸਲਾ ਦਿੱਤਾ ਸੀ ਕਿ ਜ਼ਮੀਨ ਨੂੰ ਤਿੰਨ ਬਰਾਬਰ ਹਿੱਸਿਆਂ ਵਿਚ ਰਾਮ ਲੱਲਾ, ਨਿਰਮੋਹੀ ਅਖਾੜਾ ਅਤੇ ਸੁੰਨੀ ਸੈਂਟਰਲ ਵਕਫ਼ ਬੋਰਡ ਵਿੱਚ ਇੱਕੋ ਜਿਹਾ ਵੰਡ ਦਿੱਤਾ ਜਾਵੇ। ਇਸ ਫੈਸਲੇ ਨੂੰ ਸਾਰੀਆਂ ਧਿਰਾਂ ਨੇ ਸੁਪਰੀਮ ਕੋਰਟ ਵਿਚ ਚੁਣੌਤੀ ਦੇ ਦਿੱਤੀ ਸੀ।

# ਕੈਪਟਨ ਅਮਰਿੰਦਰ ਤੇ ਨਵਜੋਤ ਸਿੱਧੂ ਨੇ ਵੀ ਹਵਾਈ ਹਮਲੇ ਉੱਤੇ ਖ਼ੁਸ਼ੀ ਪ੍ਰਗਟਾਈ





ਚੰਡੀਗੜ੍ਹ, 26 ਫਰਵਰੀ, (ਪੋਸਟ ਬਿਊਰੋ)- ਭਾਰਤੀ ਹਵਾਈ ਫੌਜ ਵੱਲੋਂ ਪਾਕਿਸਤਾਨ ਵਿੱਚ ਕੀਤੇ ਤਾਜ਼ਾ ਹਮਲੇ ਮਗਰੋਂ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਅਤੇ ਲੋਕਲ ਬਾਡੀਜ਼ ਮੰਤਰੀ ਨਵਜੋਤ ਸਿੰਘ ਸਿੱਧੂ ਵੀ ਖੁਸ਼ ਹੋਏ ਹਨ। ਦੋਵਾਂ ਨੇ ਹਵਾਈ ਫੌਜ ਦੀ ਇਸ ਕਾਰਵਾਈ ਲਈ ਬਹਾਦਰ ਫੌਜਾਂ ਨੂੰ ਸਲਾਮ ਕੀਤਾ ਹੈ। ਸਿੱਧੂ ਨੇ ਕਿਹਾ ਕਿ ਅੱਤਵਾਦੀਆਂ ਦਾ ਨਾਸ ਕਰਨਾ ਲਾਜ਼ਮੀ ਹੈ, ਭਾਰਤੀ ਹਵਾਈ ਫੌਜ ਦੀ ਜੈ ਹੋਵੇ। ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਹੈ ਕਿ ਹਵਾਈ ਫੌਜ ਦੇ ਜਵਾਨਾਂ ਨੂੰ ਸ਼ਾਬਾਸ਼ ਅਤੇ ਇਸ ਕਾਰਵਾਈ ਨੂੰ ਮੇਰਾ ਪੂਰਾ ਸਮਰੱਥਨ।

ਵਰਨਣ ਯੋਗ ਹੈ ਕਿ ਪੁਲਵਾਮਾ ਵਿੱਚ ਸੀ ਆਰ ਪੀ ਐੱਫ ਦੇ ਕਾਫਲੇ ਉੱਤੇ ਹੋਏ ਹਮਲੇ ਪਿੱਛੋਂ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਪਾਕਿਸਤਾਨ ਦੇ ਖਿਲਾਫ ਸਖਤ ਕਾਰਵਾਈ ਦੀ ਮੰਗ ਕੀਤੀ ਅਤੇ ਉਨ੍ਹਾਂ ਨੇ ਪੰਜਾਬ ਵਿਧਾਨ ਸਭਾ ਵਿੱਚ ਮਤਾ ਪੇਸ਼ ਕਰ ਕੇ ਪਾਕਿ-ਸਤਾਨ ਨੂੰ ਜ਼ਿੰਮੇਵਾਰ ਆਖਿਆ ਸੀ। ਇਸ ਦੇ ਉਲਟ ਉਸ ਵੇਲੇ ਨਵਜੋਤ ਸਿੰਘ ਸਿੱਧੂ ਨੇ ਪੁਲਵਾਮਾ ਹਮਲੇ ਲਈ ਪਾਕਿਸਤਾਨ ਨੂੰ ਦੋਸ਼ੀ ਕਹਿਣ ਦੀ ਥਾਂ ਦੋਵਾਂ ਦੇਸ਼ਾਂ ਵਿਚਾਲੇ ਅਮਨ ਦੀ ਲੋੜ ਦੱਸੀ ਤੇ ਕਿਹਾ ਸੀ ਕਿ ਚਾਰ ਲੋਕਾਂ ਦੀ ਕਰਤੂਤ ਲਈ ਕਿਸੇ ਦੇਸ਼ ਨੂੰ ਦੋਸ਼ੀ ਨਹੀਂ ਕਿਹਾ ਜਾ ਸਕਦਾ। ਇਸ ਮਗਰੋਂ ਹੰਗਾਮਾ ਹੋਣਾ ਸ਼ੁਰੂ ਹੋ ਗਿਆ ਅਤੇ ਨਵਜੋਤ ਸਿੰਘ ਸਿੱਧੂ ਪੂਰੇ ਦੇਸ਼ ਦੇ ਲੋਕਾਂ ਦੇ ਨਿਸ਼ਾਨੇ ਉੱਤੇ ਆ ਗਏ ਸਨ। ਇਸ ਦੇ ਬਾਵਜੂਦ ਸਿੱਧੂ ਆਪਣੇ ਬਿਆਨ ਉੱਤੇ ਕਾਇਮ ਰਹੇ ਤੇ ਪਾਕਿਸਤਾਨ ਦੇ ਖਿਲਾਫ ਕਾਰਵਾਈ ਦੇ ਹੱਕ ਵਿਚ ਨਹੀਂ ਸਨ ਆਏ। ਅੱਜ ਮੰਗਲਵਾਰ ਤੜਕੇ ਹਵਾਈ ਫੌਜ ਵਲੋਂ ਪਾਕਿਸਤਾਨ ਵਿੱਚ ਜੈਸ਼-ਇ-ਮੁਹੰਮਦ ਦੇ ਅੱਡਿਆਂ ਉੱਤੇ ਹਮਲੇ ਪਿੱਛੋਂ ਨਵਜੋਤ ਸਿੰਘ ਸਿੱਧੂ ਨੇ ਖੁਸ਼ੀ ਪ੍ਰਗਟ ਕੀਤੀ ਅਤੇ ਟਵੀਟ ਵਿੱਚ ਭਾਰਤੀ ਫੌਜ ਦੇ ਜੈਜੈਕਾਰ ਕੀਤੀ ਅਤੇ ਆਪਣੇ ਖਾਸ ਅੰਦਾਜ਼ ਵਿਚ ਹਵਾਈ ਫੌਜ ਦੀ ਕਾਰਵਾਈ ਉੱਤੇ ਖੁਸ਼ੀ ਪ੍ਰਗਟਾਈ ਹੈ। ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਫੌਜ ਦੀ ਕਾਰਵਾਈ ਉੱਤੇ ਖੁਸ਼ੀ ਪ੍ਰਗਟ ਕੀਤੀ ਤੇ ਹਵਾਈ ਫੌਜ ਉੱਤੇ ਮਾਣ ਪ੍ਰਗਟ ਕੀਤਾ ਹੈ। ਉਨ੍ਹਾ ਟਵੀਟ ਕਰ ਕੇ ਕਿਹਾ ਕਿ ਹਵਾਈ ਫੌਜ ਨੇ ਮਹਾਨ ਕੰਮ ਕੀਤਾ ਹੈ, ਪਾਕਿਸਤਾਨ ਉੱਤੇ ਇਹ ਕਰਨਾ ਜ਼ਰੂਰੀ ਸੀ, ਇਸ ਨੂੰ ਮੇਰੀ ਪੂਰੀ ਹਮਾਇਤ ਹੈ। ਉਨ੍ਹਾਂ ਟਵੀਟ ਵਿੱਚ ਲਿਖਿਆ ਕਿ ਭਾਰਤੀ ਹਵਾਈ ਫੌਜ ਵਲੋਂ ਪਾਕਿਸਤਾਨ ਤੇ ਉਸ ਵਲੋਂ ਸ਼ਰਨ ਦਿੱਤੇ ਅੱਤਵਾਦੀਆਂ ਨੂੰ ਇਹ ਸੰਦੇਸ਼ ਦੇਣਾ ਬਹੁਤ ਜ਼ਰੂਰੀ ਸੀ ਕਿ ਤੁਸੀਂ ਪੁਲਵਾਮਾ ਵਰਗੇ ਕੰਮ ਕਰਨ ਪਿੱਛੋਂ ਬਚ ਨਹੀਂ ਸਕਦੇ।

# ਭਗਤ ਧੰਨਾ ਜੀ ਦੇ ਜਨਮ ਅਸਥਾਨ ਪਿੰਡ ਧੂੰਆਂ ਕਲਾਂ ਜੱਥਾ ਰਕਬਾ ਭਵਨ ਤੋਂ 1 ਮਾਰਚ ਨੂੰ ਰਵਾਨਾ ਹੋਵੇਗਾ : ਬਾਵਾ

ਲੁਧਿਆਣਾ, 26 ਫਰਵਰੀ (ਗਿਆਨ ਸਿੰਘ) ਅੱਜ ਬਾਬਾ ਬੰਦਾ ਸਿੰਘ ਬਹਾਦਰ ਭਵਨ ਰਕਬਾ ਵਿਖੇ ਫਾਊਂਡੇਸ਼ਨ ਦੇ ਆਹੁਦੇਦਾਰਾਂ ਦੀ ਮੀਟਿੰਗ ਫਾਊਂਡੇਸ਼ਨ ਦੇ ਅੰਤਰਰਾਸਟਰੀ ਪ੍ਰਧਾਨ ਕ੍ਰਿਸ਼ਨ ਕੁਮਾਰ ਬਾਵਾ ਦੀ ਪ੍ਰਧਾਨਗੀ ਹੇਠ ਹੋਈ ਜਿਸ ਵਿੱਚ ਮੁੱਖ ਤੌਰ 'ਤੇ ਅਮਰੀਕ ਸਿੰਘ ਆਲੀਵਾਲ ਸਾਬਕਾ ਮੈਂਬਰ ਪਾਰਲੀਮੈਂਟ ਸ਼ਾਮਿਲ ਹੋਏ। ਇਸ ਸਮੇਂ ਸ. ਆਲੀਵਾਲ ਨੂੰ ਬਾਬਾ ਬੰਦਾ ਸਿੰਘ ਬਹਾਦਰ ਅੰਤਰਰਾਸ਼ਟਰੀ ਫਾਊਂਡੇਸ਼ਨ ਦਾ ਸਰਪ੍ਰਸਤ ਲਿਆ ਗਿਆ। ਇਸ ਸਮੇਂ ਸਵਰਨ ਸਿੰਘ ਛੋਟੂ ਨੂੰ ਵੀ ਫਾਊਂਡੇਸ਼ਨ ਦਾ ਜਨਰਲ ਸਕੱਤਰ ਨਿਯੁਕਤ ਕੀਤਾ ਗਿਆ। ਇਸ ਸਮੇਂ ਕਰਨੈਲ ਸਿੰਘ ਗਿੱਲ ਸੂਬਾ ਪ੍ਰਧਾਨ ਫਾਊਂਡੇਸ਼ਨ, ਦਲਜੀਤ ਸਿੰਘ ਕੁਲਾਰ ਜਨਟਰਲ ਸਕੱਤਰ ਫਾਊਂਡੇਸ਼ਨ, ਕੌਂਸਲਰ ਬਲਜਿੰਦਰ ਕੌਰ ਪ੍ਰਧਾਨ ਮਹਿਲਾ ਵਿੰਗ ਫਾਊਂਡੇਸ਼ਨ, ਰਣਜੀਤ ਸਿੰਘ ਸਕੱਤਰ ਫਾਊਂਡੇਸ਼ਨ ਮੁੱਖ ਤੌਰ 'ਤੇ ਹਾਜਰ ਸਨ।

ਇਸ ਸਮੇਂ ਬਾਵਾ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਸ਼੍ਰੀ ਗੁਰੂ ਨਾਨਕ ਦੇਵ ਜੀ ਦੇ 550 ਸਾਲਾਂ ਜਨਮ ਉਤਸਵ ਨੂੰ ਸਮਰਪਿਤ ਭਗਤ ਧੰਨਾ ਜੀ ਦੇ ਜਨਮ ਅਸਥਾਨ ਪਿੰਡ ਧੂੰਆਂ ਜਿਲ੍ਹਾ ਟੌਂਕ, ਜੋ ਜੈਪੁਰ ਤੋਂ 100 ਕਿਲੋਮੀਟਰ 'ਤੇ ਹੈ, ਵਿਖੇ ਦਰਸ਼ਨਾਂ 'ਤੇ ਜਾਣ ਵਾਲਾ ਜੱਥਾ 1 ਮਾਰਚ ਨੂੰ ਸਵੇਰੇ 7 ਵਜੇ ਬਾਬਾ ਬੰਦਾ ਸਿੰਘ ਬਹਾਦਰ ਭਵਨ ਰਕਬਾ ਤੋਂ ਰਵਾਨਾ ਹੋਵੇਗਾ ਜਿਸ ਨੂੰ ਰਵਾਨਾ ਕਰਨ ਦੀ ਰਸਮ ਰਵਨੀਤ ਸਿੰਘ ਬਿੱਟੂ ਮੈਂਬਰ ਪਾਰਲੀਮੈਂਟ ਜਦਕਿ ਜੱਥੇ ਦੀ ਅਗਵਾਈ ਮਲਕੀਤ ਸਿੰਘ ਦਾਖਾ ਸਰਪ੍ਰਸਤ ਫਾਊਂਡੇਸ਼ਨ, ਅਮਰੀਕ ਸਿੰਘ ਆਲੀਵਾਲ ਸਰਪ੍ਰਸਤ, ਗੁਰਦੇਵ ਸਿੰਘ ਲਾਪਰਾਂ, ਕ੍ਰਿਸ਼ਨ ਕੁਮਾਰ ਬਾਵਾ ਪ੍ਰਧਾਨ ਅੰਤਰਰਾਸ਼ਟਰੀ ਫਾਊਂਡੇਸ਼ਨ ਅਤੇ ਕਰਨੈਲ ਸਿੰਘ ਗਿੱਲ ਸੂਬਾ ਪ੍ਰਧਾਨ ਫਾਊਂਡੇਸ਼ਨ ਕਰਨਗੇ। ਉਹਨਾਂ ਦੱਸਿਆ ਕਿ ਜੱਥਾ ਸ਼ੁੱਕਰਵਾਰ ਸਵੇਰੇ 7 ਵਜੇ ਰਕਬਾ ਭਵਨ ਤੋਂ ਚੱਲਕੇ ਰਾਏਕੋਟ, ਬਰਨਾਲਾ, ਰਾਮਪੁਰਾਫੂਲ, ਮੌੜ ਹੁੰਦਾ ਹੋਇਆ ਤਖਤ ਸ਼੍ਰੀ ਦਮਦਮਾ ਸਾਹਿਬ ਸਾਬੋ ਕੀ ਤਲਵੰਡੀ (ਬਠਿੰਡਾ) ਦਰਸ਼ਨ ਕਰਨ ਉਪਰੰਤ ਸਰਦੂਲਗੜ, ਫਤਿਆਬਾਦ, ਹਿਸਾਰ ਰਾਹੀ ਹੁੰਦਾ ਹੋਇਆ ਸ਼ਾਮ ਨੂੰ ਸਾਲਾਸਰ ਪਹੁੰਚੇਗਾ। ਜੱਥੇ ਦਾ ਸੁਧਾਰ ਤੋਂ ਸਰਦੂਲਗੜ ਹਿਸਾਰ ਤੱਕ 11 ਅਸਥਾਨਾਂ 'ਤੇ ਵਿਸ਼ੇਸ਼ ਸਨਮਾਨ ਹੋਵੇਗਾ। ਇਸ ਸਮੇਂ ਸਰਪੰਚ ਗੁਰਮੇਲ ਸਿੰਘ ਧਾਲੀਵਾਲ, ਸੁਰਜੀਤ ਸਿੰਘ ਧਾਲੀਵਾਲ, ਬਖਸ਼ੀਸ਼ ਸਿੰਘ, ਪਰਮਜੀਤ ਸਿੰਘ, ਮਲਕੀਤ ਸਿੰਘ ਧਾਲੀਵਾਲ, ਜਸਪ੍ਰੀਤ ਸਿੰਘ ਧਾਲੀਵਾਲ, ਗਗਨਦੀਪ ਸਿੰਘ, ਸੀਪਾ ਧਾਲੀਵਾਲ, ਹਨੀ ਸਿੰਘ ਆਦਿ ਹਾਜਰ ਸਨ।

# ਨਵੀਆਂ ਵੋਟਾਂ ਬਣਾਉਣ, ਕਟਵਾਉਣ ਅਤੇ ਦਰੁਸਤੀ ਲਈ 2 ਅਤੇ 3 ਮਾਰਚ ਨੂੰ ਬੂਥ ਲੈਵਲ ਤੇ ਲੱਗਣਗੇ ਕੈਂਪ : ਜਿਲ੍ਹਾ ਚੋਣ ਅਫਸਰ

## ਕੋਈ ਵੀ ਨਾਗਰਿਕ ਵੋਟ ਦੇ ਹੱਕ ਤੋਂ ਵਾਂਝਾ ਨਾ ਰਹੇ : ਸਿੱਧੂ

ਫਰੀਦਕੋਟ। 26 ਫਰਵਰੀ (ਗਿਆਨ ਸਿੰਘ) ਲੋਕ ਸਭਾ ਦੀਆਂ ਆਗਾਮੀ ਚੋਣਾਂ ਦੇ ਮੱਦੇਨਜ਼ਰ ਅਤੇ ਭਾਰਤ ਚੋਣ ਕਮਿਸ਼ਨ ਦੀ ਹਦਾਇਤ ਅਨੁਸਾਰ ਨਵੀਆਂ ਵੋਟਾਂ ਬਣਾਉਣ, ਕਟਵਾਉਣ ਅਤੇ ਦਰੁੱਸਤੀ ਲਈ ਸਪੈਸ਼ਲ ਕੈਂਪ ਮਿਤੀ 2 ਅਤੇ 3 ਮਾਰਚ ਨੂੰ ਲਗਾਇਆ ਜਾ ਰਿਹਾ ਹੈ ਇਹ ਜਾਣਕਾਰੀ ਜਿਲ੍ਹਾ ਚੋਣ ਅਫਸਰ-ਕਮ-ਡਿਪਟੀ ਕਮਿਸ਼ਨਰ ਫਰੀਦਕੋਟ ਸ: ਗੁਰਲਵਲੀਨ ਸਿੰਘ ਸਿੱਧੂ ਆਈ.ਏ.ਐਸ. ਨੇ ਦਿੱਤੀ।

ਉਨ੍ਹਾਂ ਦੱਸਿਆ ਕਿ ਭਾਰਤ ਚੋਣ ਕਮਿਸ਼ਨ ਦੀ ਹਦਾਇਤ ਅਨੁਸਾਰ ਮਿਤੀ 2 ਅਤੇ 3 ਨੂੰ ਸਾਰੇ ਬੀ.ਐਲ.ਓ. ਆਪਣੇ ਆਪਣੇ ਪੋਲਿੰਗ ਸਟੇਸ਼ਨਾਂ ਤੇ ਬੈਠ ਕੇ ਕਲੇਮ ਇਤਰਾਜ ਪ੍ਰਾਪਤ ਕਰਨਗੇ । ਉਨ੍ਹਾਂ ਕਿਹਾ ਕਿ ਭਾਰਤ ਇਕ ਲੋਕਤੰਤਰਿਕ ਦੇਸ਼ ਹੈ ਜਿਥੇ ਸਭ ਨਾਗਰਿਕਾਂ ਨੂੰ ਬਿਨਾਂ ਕਿਸੇ ਭੇਦ ਭਾਵ ਦੇ ਵੋਟ ਪਾਉਣ ਦਾ ਅਧਿਕਾਰ ਪ੍ਰਾਪਤ ਹੈ। ਉਨ੍ਹਾਂ ਕਿਹਾ ਕਿ ਭਾਰਤੀ ਸੰਵਿਧਾਨ ਅਨੁਸਾਰ ਹਰ ਨਾਗਰਿਕ ਨੂੰ ਜਿਸ ਦੀ ਉਮਰ 18 ਸਾਲ ਜਾਂ ਇਸ ਤੋਂ ਵੱਧ ਹੈ ਨੂੰ ਵੋਟ ਬਣਾਉਣ ਅਤੇ ਪਾਉਣ ਦਾ ਅਧਿਕਾਰ ਦਿੱਤਾ ਗਿਆ ਹੈ । ਉਨ੍ਹਾਂ ਕਿਹਾ ਕਿ ਸਾਨੂੰ ਸਭ ਨੂੰ ਆਪਣੇ ਇਸ ਅਧਿਕਾਰ ਦੀ ਬਿਨਾਂ ਕਿਸੇ ਡਰ, ਭੈਅ ਦੇ ਵਰਤੋਂ ਕਰਨੀ ਚਾਹੀਦੀ ਹੈ । ਉਨ੍ਹਾਂ ਆਮ ਜਨਤਾ ਨੂੰ ਅਪੀਲ ਕੀਤੀ ਕਿ ਜਿਨ੍ਹਾਂ ਵਿਅਕਤੀਆਂ ਦੀ ਉਮਰ 1.01.2019 ਨੂੰ 18 ਸਾਲ ਦੀ ਜਾਂ ਇਸ ਤੋਂ ਵੱਧ ਹੈ ਅਤੇ ਜਿਨ੍ਹਾਂ ਦੀ ਵੋਟ ਨਹੀਂ ਬਣੀ ਉਹ ਮਿਤੀ 2 ਅਤੇ 3 ਮਾਰਚ ਨੂੰ ਆਪਣੇ ਬੂਥ ਤੇ ਜਾ ਕੇ ਆਪਣੀ ਵੋਟ ਜ਼ਰੂਰ ਬਣਾਉਣ। ਉਨ੍ਹਾਂ ਕਿਹਾ ਕਿ ਨਵੀਂ ਵੋਟ ਬਣਾਉਣ ਲਈ ਫਾਰਮ ਨੰਬਰ 6 ਅਤੇ ਵੋਟ ਕਟਵਾਉਣ ਲਈ ਫਾਰਮ ਨੰਬਰ 7 ਅਤੇ ਸੋਧ ਕਰਵਾਉਣ ਲਈ ਫਾਰਮ ਨੰ: 8 ਭਰ ਕੇ ਸਬੰਧਤ ਬੀ.ਐਲ.ਓਜ਼ ਨੂੰ ਕੈਂਪ ਵਿੱਚ ਜਾ ਕੇ ਜਮ੍ਹਾਂ ਕਰਵ-ਾਇਆ ਜਾ ਸਕਦਾ ਹੈ । ਉਨ੍ਹਾਂ ਸਮੂਹ ਰਾਜਨੀਤਿਕ ਪਾਰਟੀਆਂ ਦੇ ਨੁਮਾਇੰਦਿਆਂ ਨੂੰ ਵੀ ਕਿਹਾ ਕਿ ਉਹ ਵੋਟਾਂ ਬਣਾਉਣ, ਕਟਵਾਉਣ ਜਾਂ ਸੋਧ ਲਈ ਲਗਾਏ ਜਾ ਰਹੇ ਦੋ ਰੋਜ਼ਾ ਕੈਂਪਾਂ ਸਬੰਧੀ ਵੱਧ ਤੋਂ ਵੱਧ ਲੋਕਾਂ ਨੂੰ ਜਾਗਰੂਕ ਕਰਨ ਤਾਂ ਜੋ ਕੋਈ ਵੀ ਵੋਟ ਦੇ ਹੱਕ ਤੋਂ ਵਾਂਝਾ ਨਾ ਰਹੇ ।

ਆਓ ਸੱਤ ਸਮੁੰਦਰੋ ਪਾਰ ਵਾਲਿਆਂ ਦਾ ਵੀ ਸੋਚੀਏ

Super Visa

- How your spouse can join you within 4-6 months
- How your parents can join you
- How students & skilled people can come to Canada
- How international Students & Foreign workers can get their immigration

We do appeal for Refusal cases also

Sponsor Your Family

MacroGlobal Immigration Services Ltd.

Seema Bhayana

ICCRC

Ph: 905 452 0000, 905 452 9999

180 Wilkinson Road, Unit 18 Brampton, ON L6T 4M3

Fax: 905 452 9996 Email: macroglobal@rogers.com

www.macroimmigration.com

"Quality is our strength."

SKYDOME GROUP OF COMPANIES

WE DEAL WITH ALL INSURANCE COMPANIES

MINISTRY APPROVED SALVAGE INSPECTION STATION

Body Centre

Specializing in:
- Collision • Custom Painting
- Mechanical Service
- Frame & Unibody Repair
- Insurance Claims Welcome

Inderjit Singh Lic. Auto Body Technician/Lic. Mec.

Daljit Singh President

308 Rutherford Road Brampton

905-874-9878

Skydome Emission & Allignment Centre Inc.

210 Rutherford Rd., Brampton

905-450-9878

WE SELL QUALITY USED CARS

STAFFORD TRUCK CENTRE
30 Stafford Dr., Brampton, Tel: 905-460-1414

HEAD OFFICE: 905-874-9878
Tol Free: 1-877-799-9878, www.skydomeauto.ca

Paramjit Deol Broker

CELL: 416-993-7378

7071 Airport Rd, Suit 201, Mississauga, ON

1. For top dollars, fast sale, Call Paramjit Deol
2 .New listings urgently needed in your area.
3. Qualified buyers waiting!!
4. Sell your Property in 60 days guaranteed.
5. Low commission packages available

Century 21 Leading Edge Realty Ltd Brokerage* Independently Owned and Operated.

Tel:905-405-8484

www.paramjitdeol.com

Email: pdeol3@yahoo.ca

Your neighborhood broker, Call Paramjit Deol Today

Business for Sale

TORONTO $99,000
2481 Lakeshore Blvd W.: ਬਹੁਤ ਹੀ ਵਧੀਆ ਚਲ ਰਿਹਾ ਰੇਸਟੋਰਾਂਟ, ਕਾਰੋਬਾਰ ਸ਼ੁਰੂ ਕਰਨ ਦਾ ਵਧੀਆ ਮੌਕਾ। ਹਾਈ ਟਰੇਫਿਕ ਫਲੋ। ਬਹੁਤ ਹੀ ਘੱਟ ਰੈਂਟ ਸਿਰਫ $3,600 ਅਤੇ ਸੇਲ $7,000 ਪ੍ਰਤੀ ਹਫ਼ਤਾ,ਕਈ ਸਾਲਾਂ ਤੋ ਚਲ ਰਿਹਾ, ਵਧੀਆ ਪਲਾਜ਼ੇ ਚ ਤੇ ਹੋਰ ਵੀ ਬਹੁਤ ਕੁਝ।

TORONTO $140,000
1051 Midland Ave : ਕਾਰੋਬਾਰ ਲਈ ਬਹੁਤ ਹੀ ਵਧੀਆ ਲੋਕੇਸ਼ਨ ਤੇ ਪਿਜ਼ਾ ਸ਼ਾਪ ਜਿਸ ਦੀ ਆਮਦਨ $15,000/ਮਹੀਨਾ, ਬਹੁਤ ਹੀ ਘੱਟ ਰੈਂਟ ਸਿਰਫ $1,525/ਮਹੀਨਾ, ਤੇ ਹੋਰ ਵੀ ਬਹੁਤ ਕੁਝ, ਅੱਜ ਹੀ ਆਪਣਾ ਕਾਰੋਬਾਰ ਸ਼ੁਰੂ ਕਰੋ ।

TORONTO $69,000
256 Brownsline Rd : ਬਹੁਤ ਹੀ ਵਧੀਆ ਚੱਲ ਰਿਹਾ ਵੀਅਤਨਾਮੀ ਤੇ ਥਾਈ ਰੈਸਟੋਰੈਂਟ, ਡੋਂਗ ਜੀਆ ਸੇਲ ਤੇ, ਵਧੀਆ ਲੋਕੇਸ਼ਨ, ਹਾਈ ਟ੍ਰੈਫਿਕ ਫਲੋ, ਬਹੁਤ ਹੀ ਘੱਟ ਰੈਂਟ, $1,800 ਪ੍ਰਤੀ ਮਹੀਨਾ। ਅੱਜ ਹੀ ਆਪਣਾ ਕਾਰੋਬਾਰ ਸ਼ੁਰੂ ਕਰੋ।

BRAMPTON $54,900
255B Rutherford Rd S 06: ਵਧੀਆ ਚਲ ਰਿਹਾ ਬਿਜ਼ਨਸ, ਕਾਰੋਬਾਰ ਸ਼ੁਰੂ ਕਰਨ ਦਾ ਵਧੀਆ ਮੌਕਾ। ਬਹੁਤ ਹੀ ਘੱਟ ਰੈਂਟ ਅਤੇ ਸੇਲ $25,000 ਪ੍ਰਤੀ ਮਹੀਨਾ। 4 ਅਲਾਇੰਨਮੈਂਟ ਸਪੋਟਸ, ਏਅਰ ਕੰਪਰੈਸਰ, ਟਾਇਰ ਚੇਨਜਰ, ਵੀਲ ਬੈਲੇਂਸਰ, ਹੋਰ ਵੀ ਬਹੁਤ ਕੁਝ।

BRAMPTON $199,000
8770 Gore Rd 6: ਬਹੁਤ ਹੀ ਵਧੀਆ ਚਲ ਰਿਹਾ ਸ਼੍ਰੀ ਲਨਕਣ ਤੇ ਇੰਡੀਅਣ ਰੈਸਟੋਰੈਂਟ ਵਿਕਾਊ ਹੈ, ਪਰਾਈਮ ਲੋਕੇਸ਼ਨ ਅਤੇ $30000 ਤੋਂ ਵੱਧ ਸੇਲ, ਬਹੁਤ ਹੀ ਘੱਟ ਰੈਂਟ ਸਿਰਫ $3575/ਮਹੀਨਾ। ਹਾਈ ਟਰੇਫਿਕ ਫਲੋ, ਅੱਜ ਹੀ ਆਪਣਾ ਕਾਰੋਬਾਰ ਸ਼ੁਰੂ ਕਰ ਸਕਦੇ ਹੋ।

MISSISSAUGA $159,900
2960 Drew Rd E 137: ਅੱਜ ਹੀ ਆਪਣਾ ਕਾਰੋਬਾਰ ਸ਼ੁਰੂ ਕਰੋ, ਵਧੀਆ ਚੱਲ ਰਹੀ ਪਿਜਾ ਸ਼ਾਪ ਵਿਕਾਊ ਹੈ, ਪਰਾਈਮ ਲੋਕੇਸ਼ਨ ਅਤੇ $50,000 ਤੋਂ ਵੱਧ ਸੇਲ। ਬਹੁਤ ਹੀ ਘੱਟ ਰੈਂਟ ਸਿਰਫ $3051, ਹਾਈ ਟਰੇਫਿਕ ਫਲੋ, ਅੱਜ ਹੀ ਕਾਲ ਕਰੋ।

BRAMPTON $240,000
15 Ashby Field Rd 9: ਲੰਘ ਗਿਆ ਸਮਾਂ ਹੱਥ ਨਹੀ ਆਉਣਾ, ਬਹੁਤ ਹੀ ਵਧੀਆ ਚੱਲ ਰਹੀ ਪਿਜ਼ਾ ਸ਼ਾਪ, ਹਾਈ ਟ੍ਰੈਫਿਕ ਫਲੋ, ਘਰਾਂ ਦੇ ਨੇੜੇ, ਅੱਜ ਹੀ ਕਾਲ ਕਰੋ।

BRAMPTON $369,000
15 Brisdale Dr 7&8 : ਹੱਥੋ ਲੰਘ ਗਿਆ ਸਮਾਂ ਵਾਪਿਸ ਨਹੀ ਆਉਣਾ, ਅੱਜ ਹੀ ਆਪਣਾ ਕਾਰੋਬਾਰ ਸ਼ੁਰੂ ਕਰੋ,ਬਹੁਤ ਹੀ ਵਧੀਆ ਚਲ ਰਹੀ ਬਾਰ/ਪੱਬ ਵਿਕਾਊ ਹੈ। ਬਹੁਤ ਹੀ ਬਿਜੀ ਪਲਾਜਾ ਅਤੇ ਆਮਦਨ $70,000/ਮਹੀਨਾ, ਆਦਿ।

House for Sale

BRANTFORD $525,000
118&120 Morrell St: ਬਹੁਤ ਹੀ ਵਧੀਆ ਲੋਕੇਸ਼ਨ ਤੇ, 3+1 ਬੈਡਰੂਮ ਅਪਾਰਟਮੈਂਟ, ਵਧੀਆ ਰੌਸ਼ਨੀ, ਸਾਰੀਆਂ ਸਹੂਲਤਾਂ ਦੇ ਨੇੜੇ।

BRAMPTON $349,000
4 Kings Cross Rd : ਬਹੁਤ ਹੀ ਵਧੀਆ ਲੋਕੇਸ਼ਨ ਤੇ ਬਣਿਆ 1+1 ਬੈਡਰੂਮ ਅਤੇ 1 ਵਾਸ਼ਰੂਮ ਦਾ ਕਾਂਡੋ ਅਪਾਰਟਮੈਂਟ । ਮਾਡਰਨ ਕਿਚਨ, ਬਰੈਮਲੀ ਸਿਟੀ ਸੈਂਟਰ ਦੇ ਨੇੜੇ, ਗੋ ਸਟੇਸ਼ਨ, ਸ਼ਾਪਿੰਗ ਪਲਾਜ਼ਾ, ਮਾਲ ਆਦਿ ਸਹੂਲਤਾਂ ਦੇ ਨੇੜੇ।

BRAMPTON $699,900
3328 Victoria Ave.: ਬਹੁਤ ਹੀ ਵਧੀਆ ਤੇ ਸਾਫ ਸੁਥਰਾ 3+1 ਬੈਡਰੂਮ ਅਤੇ 3 ਵਾਸ਼ਰੂਮ ਘਰ, ਹਾਰਡਵੁਡ ਫਲੋਰ, ਫਿਨੀਸ਼ਡ ਬੈਸਮੈਂਟ, ਸੇਪਰੇਟ ਕਿਚਨ ਅਤੇ ਹੋਰ ਵੀ ਬਹੁਤ ਕੁਝ।

BRAMPTON $789,000
29 Larkspur Rd.: ਬਹੁਤ ਹੀ ਸੋਹਣਾ 3+2 ਬੈਡਰੂਮ ਅਤੇ 4 ਵਾਸ਼ਰੂਮ ਦਾ ਡਿਟੈਚਡ ਘਰ, ਹਾਈ ਡਿਮਾਂਡ ਏਰੀਆ, ਮਾਡਰਨ ਕਿਚਨ,ਮਾਸਟਰ ਬੈਡਰੂਮ ਨੂੰ 5 ਪਿਸ ਇੰਨ ਸੂਟ, ਫਿਨਿਸ਼ਡ ਬੇਸਮੈਂਟ, ਹਾਰਡਵੁਡ ਫਲੋਰ, ਆਦਿ ਸਹੂਲਤਾਂ ਦੇ ਨੇੜੇ ।

BRAMPTON $179,000
384 Yonge St.11 : ਬਹੁਤ ਹੀ ਵਧੀਆ ਲੋਕੇਸ਼ਨ ਤੇ, ਬਿਜਨਸ ਸ਼ੁਰੂ ਕਰਨ ਦਾ ਵਧੀਆ ਮੌਕਾ। ਹਾਈ ਟਰੇਫਿਕ ਫਲੋ। ਇੰਡੋਰ ਰਿਟੇਲ ਸ਼ਾਪ, ਨਵਾਂ ਸਬਵੇ ਬਣਨ ਵਾਲੇ ਦੇ ਨੇੜੇ, ਹਾਰਡਵੁਡ ਫਲੋਰ, ਅਜ ਹੀ ਆਪਣਾ ਕਾਰੋਬਾਰ ਸ਼ੁਰੂ ਕਰੋ ।

TORONTO $899,000
Keele / Finch/York Univeristy: ਬਹੁਤ ਹੀ ਸੋਹਣਾ 7+3 ਬੈਡਰੂਮ ਅਤੇ 11 ਵਾਸ਼ਰੂਮ ਦਾ ਡੀਟੈਚਡ ਡਬਲ ਸਟੋਰੀ ਘਰ, ਬਹੁਤ ਸਾਰੇ ਅਪਗਰੇਡਜ਼, ਬਹੁਤ ਹੀ ਵਧੀਆ ਲੋਕੇਸ਼ਨ, ਹਾਈ ਡਿਮਾਂਡ ਏਰੀਆ, ਰਿਟੇਲ ਇਨਕਮ $6400, ਪਹਿਲੀ ਵਾਰ ਘਰ ਖਰੀਦਣ ਵਾਲਿਆਂ ਲਈ, ਜਰੂਰ ਦੇਖੋ !!

BRAMPTON $910,000
18 Berwick Ave: ਬਹੁਤ ਹੀ ਸਾਫ ਸੁਥਰਾ 4+2 ਬੈਡਰੂਮ, 4 ਵਾਸ਼ਰੂਮ ਦਾ ਡਿਟੈਚਡ ਡਬਲ ਸਟੋਰੀ ਘਰ, ਰੈਨੋਵੇਟਡ ਘਰ, ਹਾਰਡਵੁਡ ਫਲੋਰ, ਰੈਨੋਵੇਟਡ ਬੈਸਮੈਂਟ ਸਟੇਨਲੈਸ ਸਟੀਲ ਅਪਲਾਇੰਸਸ, ਸਕੂਲ, ਸਹੂਲਤਾਂ ਦੇ ਨੇੜੇ।

CALEDON $1,009,999
Mayfield & McVeen : ਬਹੁਤ ਹੀ ਵਧੀਆ 3+1 ਬੈਡਰੂਮ ਅਤੇ 3 ਵਾਸ਼ਰੂਮ ਦਾ ਡਿਟੈਚਡ ਬੰਗਲੋ, ਫੂਲੀ ਅਪਗ੍ਰੇਡਡ, ਹਾਰਡਵੁਡ ਫਲੋਰ, ਫਿਨੀਸ਼ਡ ਬੇਸਮੈਂਟ, ਬਹੁਤ ਹੀ ਵਡਾ ਗਰਾਜ, ਆਦਿ ਸਹੂਲਤਾਂ ਦੇ ਨੇੜੇ।

*Canadian punjabi post assumes no responsibility for the accuracy of any information shown. Copyright Ppost 2019

## ਪੰਜ ਡੇਰਾ ਪ੍ਰੇਮੀਆਂ ਦੀਆਂ ਜ਼ਮਾਨਤ ਅਰਜ਼ੀਆਂ ਰੱਦ

ਬਠਿੰਡਾ, 26 ਫਰਵਰੀ (ਪੋਸਟ ਬਿਊਰੋ)- ਅਕਤੂਬਰ 2015 ਵਿੱਚ ਬਠਿੰਡਾ ਜ਼ਿਲੇ ਦੇ ਪਿੰਡ ਗੁਰੂਸਰ ਵਿਖੇ ਬੇਅਦਬੀ ਕਾਂਡ ਕਰਨ ਦੇ ਦੋਸ਼ੀ ਅਤੇ ਨਾਭਾ ਜੇਲ੍ਹ ਵਿੱਚ ਬੰਦ ਪੰਜ ਡੇਰਾ ਪ੍ਰੇਮੀਆਂ ਦੀਪਕ ਕੁਮਾਰ, ਬਲਜੀਤ ਸਿੰਘ, ਰਾਜਵੀਰ ਸਿੰਘ, ਕੁਲਵਿੰਦਰ ਸਿੰਘ ਅਤੇ ਸੁਖਮੰਦਰ ਸਿੰਘ ਦੀਆਂ ਬਠਿੰਡਾ ਦੇ ਜ਼ਿਲਾ ਅਤੇ ਸੈਸ਼ਨ ਜੱਜ ਕਮਲਜੀਤ ਲਾਂਬਾ ਦੀ ਅਦਾਲਤ ਨੇ ਜ਼ਮਾਨਤ ਅਰਜ਼ੀਆਂ ਰੱਦ ਕਰ ਦਿੱਤੀਆਂ ਹਨ।

ਸਿੱਖ ਜਥੇਬੰਦੀਆਂ ਵੱਲੋਂ ਪੇਸ਼ ਹੋਏ ਸੀਨੀਅਰ ਵਕੀਲ ਹਰਪਾਲ ਸਿੰਘ ਖਾਰਾ ਨੇ ਡੇਰਾ ਪ੍ਰੇਮੀਆਂ ਦੀਆਂ ਜ਼ਮਾਨਤ ਅਰਜ਼ੀਆਂ ਰੱਦ ਕਰਨ ਲਈ ਆਖਿਆ ਸੀ ਕਿ ਇਸ ਮਾਮਲੇ ਦੇ ਮੁੱਖ ਦੋਸ਼ੀ ਜਤਿੰਦਰਬੀਰ ਇੰਸਾ ਦੀ ਜ਼ਮਾਨਤ ਅਰਜ਼ੀ ਡੇਰਾ ਪ੍ਰੇਮੀਆਂ ਦੇ ਵਕੀਲਾਂ ਨੇ ਵਾਪਸ ਲੈ ਲਈ ਸੀ, ਪਰ ਉਸ ਨੇ ਅਦਾਲਤ 'ਚ ਆਪਣੇ ਜੁਰਮ ਦਾ ਇਕਬਾਲ ਕਰ ਲਿਆ ਹੈ। ਜਤਿੰਦਰਬੀਰ ਸਿੰਘ ਨੇ ਆਪਣੇ ਕਬੂਲਨਾਮੇ 'ਚ ਕਿਹਾ ਸੀ ਕਿ ਉਸ ਨੇ ਡੇਰਾ ਸਿਰਸਾ ਮੁਖੀ ਦੀ ਫਿਲਮ ਪੰਜਾਬ 'ਚ ਨਾ ਚੱਲਣ ਦੇਣ ਅਤੇ ਨਾਮ ਚਰਚਾਵਾਂ ਰੋਕੇ ਜਾਣ ਦਾ ਸਿੱਖਾਂ ਤੋਂ ਬਦਲਾ ਲੈਣ ਲਈ ਇਹ ਬੇਅਦਬੀ ਕਾਂਡ ਕੀਤਾ ਸੀ, ਜਿਸ 'ਚ ਉਕਤ ਪੰਜ ਡੇਰਾ ਪ੍ਰੇਮੀ ਸ਼ਾਮਲ ਸਨ। ਵਕੀਲ ਹਰਪਾਲ ਸਿੰਘ ਖਾਰਾ ਨੇ ਅਦਾਲਤ ਨੂੰ ਇਹ ਵੀ ਦੱਸਿਆ ਕਿ ਉਕਤ ਪੰਜ ਡੇਰਾ ਪ੍ਰੇਮੀਆਂ ਨੇ ਪੁਲਸ ਦੇ ਕੋਲ ਆਪਣੇ ਗੁਨਾਹ ਕਬੂਲੇ ਹੋਏ ਹਨ, ਜਿਸ ਕਾਰਨ ਇਨ੍ਹਾਂ ਜੀਆਂ ਜ਼ਮਾਨਤ ਅਰਜ਼ੀਆਂ ਰੱਦ ਕੀਤੀਆਂ ਜਾਣ। ਅਦਾਲਤ ਨੇ ਦੋਵਾਂ ਧਿਰਾਂ ਦੇ ਵਕੀਲਾਂ ਦੀਆਂ ਦਲੀਲਾਂ ਸੁਣਨ ਪਿੱਛੋਂ ਰਾਖਵੇਂ ਰੱਖੇ ਫੈਸਲੇ ਨੂੰ ਸੁਣਾਉਦਿਆਂ ਜ਼ਮਾਨਤ ਅਰਜ਼ੀਆਂ ਰੱਦ ਕਰ ਦਿੱਤੀਆਂ ਹਨ।

## ਬਡਰੁੱਖਾਂ ਵਿੱਚ ਮਹਾਰਾਜਾ ਰਣਜੀਤ ਸਿੰਘ ਦੀ ਯਾਦਗਾਰ ਬਣੇਗੀ



ਚੰਡੀਗੜ੍ਹ, 26 ਫਰਵਰੀ (ਪੋਸਟ ਬਿਊਰੋ)- ਵਿਧਾਨ ਸਭਾ ਵਿੱਚ ਸੱਤਾ ਤੇ ਵਿਰੋਧੀ ਧਿਰ ਦੇ ਵਿਧਾਇਕਾਂ ਦੀ ਬਹਿਸ, ਇਕ ਦੂਸਰੇ 'ਤੇ ਲਾਏ ਦੋਸ਼ਾਂ ਤੋਂ ਬਾਅਦ ਸਦਨ ਨੇ ਸੂਬਾ ਸਰਕਾਰ ਦਾ 1.58 ਲੱਖ ਕਰੋੜ ਦਾ ਬਜਟ ਪਾਸ ਕਰ ਦਿੱਤਾ ਹੈ। ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਨੇ 18 ਫਰਵਰੀ ਨੂੰ ਪੇਸ਼ ਕੀਤੇ ਬਜਟ ਵਿੱਚ ਵਿਧਾਇਕਾਂ ਦੀ ਮੰਗ ਉੱਤੇ ਸੋਧ ਕਰਦਿਆਂ ਦੱਸਿਆ ਕਿ ਮਹਾਰਾਜਾ ਰਣਜੀਤ ਸਿੰਘ ਦੇ ਜਨਮ ਸਥਾਨ ਬਡਰੁੱਖਾ ਵਿਖੇ ਇਕ ਕਰੋੜ ਰੁਪਏ ਦੀ ਲਾਗਤ ਨਾਲ ਯਾਦਗਾਰ ਉਸਾਰੀ ਜਾਵੇਗੀ। ਇਸ ਦੀ ਵਿਸਥਾਰ ਵਿੱਚ ਜਾਣਕਾਰੀ ਦੇਣ ਵੇਲੇ ਉਨ੍ਹਾਂ ਕਿਹਾ ਕਿ ਰਾਜਪੁਰਾ, ਗਿੱਦੜਬਾਹਾ ਤੇ ਸ਼ਾਹਕੋਟ ਵਿੱਚ ਤਿੰਨ ਨਵੇਂ ਟਰੋਮਾ ਸੈਂਟਰ ਵੀ ਬਣਾਏ ਜਾਣਗੇ।

ਰਾਣਾ ਗੁਰਜੀਤ ਸਿੰਘ ਦੀ ਮੰਗ ਉੱਤੇ ਖਜ਼ਾਨਾ ਮੰਤਰੀ ਨੇ ਕਿਹਾ ਕਿ ਕਪੂਰਥਲਾ ਸਬ-ਡਵੀਜ਼ਨ ਦੇ 30 ਪਿੰਡਾਂ ਵਿੱਚ ਛੱਪੜਾਂ ਦੀ ਸਫਾਈ ਅਤੇ ਪਾਣੀ ਦੀ ਸਿੰਚਾਈ ਲਈ ਵਰਤੋਂ ਕਰਨ ਲਈ ਤਿੰਨ ਕਰੋੜ ਰੁਪਏ ਦੀ ਲਾਗਤ ਨਾਲ ਪਾਇਲਟ ਪ੍ਰੋਜੈਕਟ ਸ਼ੁਰੂ ਕੀਤਾ ਜਾਵੇਗਾ। ਮਨਪ੍ਰੀਤ ਸਿੰਘ ਬਾਦਲ ਨੇ ਨੱਥੂ ਚਹਿਲ ਗਰਿਡ ਹੇਠ ਸਾਰੇ ਟਿਊਬਵੈਲਾਂ 'ਤੇ ਸੋਲਰ ਊਰਜਾ ਪ੍ਰੋਜੈਕਟ ਲਾਉਣ ਦਾ ਐਲਾਨ ਕੀਤਾ। ਉਨ੍ਹਾਂ ਦੱਸਿਆ ਕਿ ਰਾਜਪੁਰਾ ਨੇੜੇ ਥਰਮਲ ਪਲਾਂਟ ਨੂੰ ਜਾਂਦੀ ਨਹਿਰ ਵਿੱਚ ਵੱਧ ਪਾਣੀ ਨੂੰ ਸਿੰਚਾਈ ਲਈ ਵਰਤਣ ਯੋਗ ਬਣਾਉਣ ਲਈ 8.50 ਕਰੋੜ ਰੁਪਏ ਦੇ ਫੰਡ ਦਾ ਪ੍ਰਬੰਧ ਕੀਤਾ ਗਿਆ ਹੈ। ਵਿੱਤ ਮੰਤਰੀ ਨੇ ਅਕਾਲੀ ਦਲ ਵੱਲੋਂ ਲਾਏ ਗਏ ਦੋਸ਼ਾਂ ਬਾਰੇ ਆਡੀਟਰ ਜਨਰਲ ਦੀ ਰਿਪੋਰਟ ਦੇ ਹਵਾਲੇ ਨਾਲ ਦੱਸਿਆ ਕਿ ਅਕਾਲੀ ਦਲ ਦੇ ਰਾਜ ਦੌਰਾਨ ਵਿਕਾਸ ਦਰ 5.82 ਸੀ, ਜਦੋਂ ਕਿ ਵਿੱਤੀ ਸਾਲ ਦੌਰਾਨ 5.93 ਫੀਸਦੀ ਆਉਣ ਦੀ ਆਸ ਹੈ। ਅਕਾਲੀ ਦਲ ਦੇ ਵਿਧਾਇਕ ਸੁਖਬੀਰ ਸਿੰਘ ਬਾਦਲ ਵੱਲੋਂ ਉਨ੍ਹਾਂ ਦੀ ਸਰਕਾਰ ਵਿੱਚ ਮਾਈਨਿੰਗ ਤੋਂ 102 ਕਰੋੜ ਅਤੇ ਕਾਂਗਰਸ ਸਰਕਾਰ ਵਿੱਚ 32 ਕਰੋੜ ਰੁਪਏ ਦੀ ਆਮਦਨ ਹੋਣ ਦੇ ਦਾਅਵੇ ਦੇ ਜਵਾਬ ਵਿੱਚ ਵਿੱਤ ਮੰਤਰੀ ਨੇ ਕਿਹਾ ਕਿ ਮਾਈਨਿੰਗ ਨੀਤੀ ਉੱਤੇ ਹਾਈ ਕੋਰਟ ਨੇ ਰੋਕ ਲਾਈ ਹੋਈ ਹੈ। ਉਨ੍ਹਾਂ ਕਿਹਾ ਕਿ ਇਸੇ ਕਰਕੇ ਮਾਲੀਆ ਘੱਟ ਇਕੱਠਾ ਹੋਇਆ ਹੈ। ਅਕਾਲੀ ਸਰਕਾਰ ਦੌਰਾਨ ਮੰਡੀ ਬੋਰਡ, ਪੇਂਡੂ ਵਿਕਾਸ ਫੰਡ 'ਸੰਗਤ ਦਰਸ਼ਨਾਂ' ਲਈ ਵਰਤਿਆ ਜਾਂਦਾ ਸੀ, ਪਰ ਕਾਂਗਰਸ ਸਰਕਾਰ ਇਸ ਨੂੰ ਬਜਟ ਵਿੱਚ ਲੈ ਆਈ ਹੈ। ਉਨ੍ਹਾਂ ਕਿਹਾ ਕਿ ਨੋਟਬੰਦੀ, ਜੀ ਐਸ ਟੀ ਤੇ ਰੀਅਲ ਅਸਟੇਟ ਦੇ ਕਾਰੋਬਾਰ ਵਿੱਚ ਖੜੋਤ ਆਉਣ ਕਾਰਨ ਮਾਲੀਆ ਘੱਟ ਇਕੱਤਰ ਹੋਇਆ ਹੈ।

## ਭ੍ਰਿਸ਼ਟਾਚਾਰ ਦੇ ਕੇਸ ਵਿੱਚ ਸੇਵਾਮੁਕਤ ਆਈ ਏ ਐਸ ਅਫਸਰ ਦੀ ਅਰਜ਼ੀ ਰੱਦ

ਐਸ ਏ ਐਸ ਨਗਰ (ਮੁਹਾਲੀ), 26 ਫਰਵਰੀ (ਪੋਸਟ ਬਿਊਰੋ)- ਭ੍ਰਿਸ਼ਟਾਚਾਰ ਦੇ ਦੋਸ਼ਾਂ ਦਾ ਸਾਹਮਣਾ ਕਰ ਰਹੇ ਪੰਜਾਬ ਦੇ ਸਾਬਕਾ ਆਈ ਏ ਐਸ ਅਧਿਕਾਰੀ ਮਨਦੀਪ ਸਿੰਘ ਦੀਆਂ ਮੁਸ਼ਕਿਲਾਂ ਵਧ ਗਈਆਂ ਹਨ। ਮੁਹਾਲੀ ਦੀ ਸੀ ਬੀ ਆਈ ਦੀ ਅਦਾਲਤ ਨੇ ਉਸ ਦੀ ਭ੍ਰਿਸ਼ਟਾਚਾਰ ਦਾ ਕੇਸ ਖਤਮ ਕਰਨ ਦੀ ਅਰਜ਼ੀ ਨੂੰ ਮੁੱਢੋਂ ਰੱਦ ਕਰ ਦਿੱਤਾ ਹੈ।

ਵਰਨਣ ਯੋਗ ਹੈ ਕਿ ਇਸ ਅਧਿਕਾਰੀ ਨੇ ਆਪਣੇ ਵਕੀਲ ਰਾਹੀਂ ਸੀ ਬੀ ਆਈ ਅਦਾਲਤ ਵਿੱਚ ਅਰਜ਼ੀ ਦਾਇਰ ਕਰ ਕੇ ਪੰਜਾਬ ਵਿਜੀਲੈਂਸ ਬਿਊਰੋ ਵੱਲੋਂ ਦਰਜ ਭ੍ਰਿਸ਼ਟਾਚਾਰ ਕੇਸ 'ਚੋਂ ਰਿਹਾਅ ਕਰਨ ਦੀ ਅਪੀਲ ਕੀਤੀ ਸੀ। ਅਦਾਲਤ ਨੇ ਸਰਕਾਰੀ ਧਿਰ ਅਤੇ ਬਚਾਅ ਪੱਖ ਦੀਆਂ ਦਲੀਲਾਂ ਸੁਣਨ ਪਿੱਛੋਂ ਇਸ ਅਰਜ਼ੀ ਨੂੰ ਰੱਦ ਕਰ ਦਿੱਤਾ। ਅਦਾਲਤ ਨੇ ਕਿਹਾ ਕਿ ਕਿਉਂ ਜੋ ਉਨ੍ਹਾਂ ਖਿਲਾਫ ਮੁਹਾਲੀ ਅਦਾਲਤ ਵੱਲੋਂ ਦੋਸ਼ ਤੈਅ ਕੀਤੇ ਜਾ ਚੁੱਕੇ ਹਨ, ਇਸ ਲਈ ਕੇਸ ਦੀ ਸੁਣਵਾਈ ਤੇ ਦੋਸ਼ਾਂ ਦਾ ਸਾਹਮਣਾ ਕਰਨਾ ਚਾਹੀਦਾ ਹੈ। ਉਪ ਜ਼ਿਲਾ ਅਟਾਰਨੀ ਮਨਜੀਤ ਸਿੰਘ ਨੇ ਦੱਸਿਆ ਕਿ ਅਦਾਲਤ ਦੇ ਫੈਸਲੇ ਮੁਤਾਬਕ ਇਸ ਕੇਸ ਦੀ ਅਗਲੀ ਪੇਸ਼ੀ 'ਤੇ ਗਵਾਹੀਆਂ ਸ਼ੁਰੂ ਹੋ ਜਾਣਗੀਆਂ, ਕਿਉਂਕਿ ਮੁਹਾਲੀ ਦੇ ਵਧੀਕ ਜ਼ਿਲਾ ਸੈਸ਼ਨ ਜੱਜ ਸੰਜੇ ਅਗਨੀਹੋਤਰੀ ਦੀ ਅਦਾਲਤ ਨੇ ਭ੍ਰਿਸ਼ਟਾਚਾਰ ਦੇ ਇਸ ਕੇਸ ਵਿੱਚ ਸੇਵਾਮੁਕਤ ਆਈ ਏ ਐਸ ਅਧਿਕਾਰੀ ਮਨਦੀਪ ਸਿੰਘ ਅਤੇ ਜ਼ੀਰਕਪੁਰ ਨੇੜਲੇ ਪਿੰਡ ਢਕੋਲੀ ਦੇ ਹੋਟਲ ਮਾਲਕ ਅਵਤਾਰ ਸਿੰਘ ਅਤੇ ਮੱਖਣ ਸਿੰਘ ਵਾਸੀ ਮਾਲੋਵਾਲ ਚਮਕੌਰ ਸਾਹਿਬ ਦੇ ਖਿਲਾਫ ਦੋਸ਼ ਤੈਅ ਕਰ ਦਿੱਤੇ ਹਨ।

Jobs Jobs Jobs
General Labour/ Drivers/ Window Assemblers & Machine Operators
ਅੱਜ ਆਓ ਤੇ ਕੱਲ ਕੰਮ ਤੇ ਜਾਓ
– Full time/Part time workers Needed
– Morning & Afternoon Shifts Available
– 12 ਘੰਟੇ ਦੀਆਂ Shifts Available ਹਨ
– 6 ਦਿਨ ਕੰਮ ਉਪਲਬੱਧ ਹੈ।
– ਦਿਨ ਅਤੇ ਰਾਤ ਦੀਆਂ ਸਾਰੀਆਂ Shifts Available ਹਨ
– ਕੰਮ ਦੀ ਟ੍ਰੇਨਿੰਗ ਪਹਿਲਾਂ ਦਿਤੀ ਜਾਵੇਗੀ
ਜਿਆਦਾ ਜਾਣਕਾਰੀ ਲਈ ਸੰਪਰਕ ਕਰੋ:-
416.477.3344 (Neha)
2355 Derry Rd E, Unit #20, 2nd Floor, Mississauga
Torbram/Derry intersection ਦੇ ਨੇੜੇ

Tax & Accounting
ਟੈਕਸ ਕਿਵੇਂ ਤੇ ਕਿਥੇ ਬਚਾਇਆ ਜਾ ਸਕਦਾ ਹੈ?
•TAX •HST REBATE •CORPORATION SET UP
•ACCOUNTING •BUSINESS LOAN
CA CPA
info@cagrover.com
ਇਮਾਨਦਾਰ ਤੇ ਭਰੋਸੇ ਯੋਗ ਸੇਵਾਵਾਂ ਲਈ ਕਾਲ ਕਰੋ:905.247.0193

148-2960 Drew Road, Mississauga ON L4T 0A5 | Harcharan S. Grover


PUNJAB SINDH FINANCE
TRUCK/TRAILER
LOAN & REFINANCE
PUNJABSINDH FINANCE
PSF
EVERY $ MAKES A DIFFERENCE
ਨਵੇਂ ਪੁਰਾਣੇ ਟ੍ਰਕਾਂ/ਟ੍ਰੈਲਰਾਂ ਦੀ ਕੁਝ ਹੀ ਘੰਟਿਆਂ ਵਿੱਚ
Financing/Refinancing ਦਾ ਪੂਰਾ ਪ੍ਰਬੰਦ
• Quick Loan Approval Guranteed
• Bad credit........ No Problem
• Low Down Payment
• Lowest Rate of Interest
• Paper Work...... Minimum
• Best Flexible Terms & Conditions
Gary Chatha
President
647.227.3385
info@punjabsindhfinance.com
905.440.0000
6665 Tomken Rd #202, Mississauga, ON L5T 2C5 (Tomken/Midway)



# ਸੰਪਾਦਕੀ

## ਜਗਮੀਤ ਸਿੰਘ ਦੀ ਜਿੱਤ, ਸੰਭਾਵਨਾਵਾਂ ਅਤੇ ਚੁਣੌਤੀਆਂ

ਐਨ ਡੀ ਪੀ ਲੀਡਰ ਜਗਮੀਤ ਸਿੰਘ ਨੇ ਬਰਨਬੀ ਸਾਊਥ ਤੋਂ ਚੋਣ ਜਿੱਤ ਕੇ ਹਾਊਸਅ ਆਫ ਕਾਮਨਜ਼ ਵਿੱਚ ਦਾਖਲ ਹੋਣ ਦਾ ਟਿਕਟ ਹਾਸਲ ਕਰ ਲਿਆ ਹੈ ਜਿਸਦੀ ਉਸਨੂੰ ਪਿਛਲੇ ਦੋ ਸਾਲਾਂ ਤੋਂ ਉਡੀਕ ਸੀ। ਐਨ ਡੀ ਪੀ ਪਾਰਟੀ ਦੇ ਖੈਰਦਾਰਾਂ ਅਤੇ ਕੈਨੇਡੀਅਨ ਸਿੱਖ ਭਾਈਚਾਰੇ ਲਈ ਇਹ ਖੁਸ਼ੀ ਦੀ ਖ਼ਬਰ ਹੈ। ਇਸ ਜਿੱਤ ਦੀ ਗੈਰਹਾਜ਼ਰੀ ਵਿੱਚ ਉਸਦਾ ਸਿਆਸੀ ਭੱਵਿਖ ਡਾਵਾਂ ਡੋਲ ਹੋ ਸਕਦਾ ਸੀ। ਕਿਹਾ ਜਾ ਸਕਦਾ ਹੈ ਕਿ ਬਰੈਂਪਟਨ ਛੱਡ ਕੇ ਬਰਨਬੀ ਸਾਊਥ ਜਾ ਕੇ ਘਰ ਵਸਾਉਣਾ ਉਸਨੂੰ ਰਾਸ ਆ ਗਿਆ ਹੈ।

ਜਗਮੀਤ ਸਿੰਘ ਨੂੰ ਕੁੱਲ ਭੁਗਤੀਆਂ ਵੋਟਾਂ ਦਾ 39% ਹਿੱਸਾ ਮਿਲਿਆ ਜਦੋਂ ਕਿ ਲਿਬਰਲ ਪਾਰਟੀ ਦੇ ਰਿਚਰਡ ਟੀ ਲੀਅ ਨੂੰ 26%, ਕੰਜ਼ਰਵੇਟਿਵ ਪਾਰਟੀ ਦੇ ਉਮੀਦਵਾਰ ਜੇਅ ਸ਼ਿਨ ਨੂੰ 22.5% ਅਤੇ ਪੀਪਲਜ਼ ਪਾਰਟੀ ਦੀ ਉਮੀਦਵਾਰ ਲੌਰਾ ਥੌਮਸਨ ਨੂੰ 10.5% ਵੋਟਾਂ ਪਈਆਂ। ਇਹਨਾਂ ਵੋਟਾਂ ਦੀ ਤੋੜ ਭੰਨ ਕਰਕੇ ਵੇਖਣਾ ਦਿਲਚਸਪ ਹੋਵੇਗਾ। 1 ਲੱਖ 12 ਹਜ਼ਾਰ ਵੱਸੋਂ ਵਾਲੀ ਇਸ ਵਿੱਚ ਕੁੱਲ 73,923 ਵੋਟਰ ਹਨ ਜਿਹਨਾਂ ਵਿੱਚੋਂ ਮਹਿਜ਼ 22, 776 ਵੋਟਰਾਂ ਨੇ ਵੋਟ ਪਾਈ। ਭਾਵ ਜਗਮੀਤ ਸਿੰਘ ਨੂੰ ਕੁੱਲ ਭੁਗਤੀਆਂ 22, 776 ਵੋਟਾਂ ਵਿੱਚੋਂ 8882 ਵੋਟਾਂ ਹੀ ਹਾਸਲ ਹੋਈਆਂ। ਲਿਬਰਲ ਉਮੀਦਵਾਰ ਨੂੰ 5930, ਕੰਜ਼ਰਵੇਟਿਵ ਨੂੰ 5133 ਅਤੇ ਪੀਪਲਜ਼ ਪਾਰਟੀ ਨੂੰ 2420 ਵੋਟਾਂ ਮਿਲੀਆਂ। ਜਗਮੀਤ ਸਿੰਘ ਕੁੱਲ ਵੋਟਾਂ 73,933 ਦਾ 12% ਹੀ ਹਾਸਲ ਕਰ ਸਕਿਆ ਹੈ। ਇਹਨਾਂ ਅੰਕੜਿਆਂ ਨੂੰ ਵੇਖ ਕੇ ਇਹ ਖੁਸ਼ੀ ਮਨਾਉਣ ਦਾ ਵਕਤ ਹੈ ਕਿ ਰੱਬ ਨੇ ਉਹਨਾਂ ਨੂੰ ਕੈਨੇਡਾ ਪੱਧਰ ਦੀ ਸਿਆਸਤ ਉੱਤੇ ਕੁੱਝ ਸਾਰਥਕ ਕਰਨ ਦਾ ਅਵਸਰ ਬਖਸ਼ਿਆ ਹੈ।

ਇਸ ਅਵਸਰ ਦਾ ਸਬੱਬ ਵੀ ਲਿਬਰਲਾਂ ਵੱਲੋਂ ਪੈਰੀਂ ਕੁਹਾੜਾ ਮਾਰਨ (ਉਹਨਾਂ ਦੀ ਪਹਿਲੀ ਉਮੀਦਵਾਰ ਦਾ ਜਗਮੀਤ ਸਿੰਘ ਬਾਰੇ ਨਸਲੀ ਟਿੱਪਣੀ ਕਾਰਨ ਛੱਡ ਕੇ ਜਾਣਾ, ਐਨ ਐਨ ਸੀ ਲਾਵਾਲਿਨ ਦਾ ਪੁਆੜਾ), ਕੰਜ਼ਰਵੇਟਿਵਾਂ ਦੀ ਜੜ ਵਿੱਚ ਪੀਪਲਜ਼ ਪਾਰਟੀ ਦਾ ਬੈਠਣ ਵਿੱਚੋਂ ਨਿਕਲਿਆ ਹੈ। ਮੰਨਣਾ ਪਵੇਗਾ ਕਿ ਤਕਰੀਬਨ ਸਾਰੇ ਮੇਨਸਟਰੀਮ ਮੀਡੀਆ ਵੱਲੋਂ ਜਗਮੀਤ ਸਿੰਘ ਬਾਰੇ ਕਿੰਨੇ ਹੀ ਸ਼ੰਕੇ ਖੜੇ ਕੀਤੇ ਗਏ ਪਰ ਉਸਨੇ ਸਾਰਿਆਂ ਨੂੰ ਗਲਤ ਸਾਬਤ ਕਰਕੇ ਆਪਣਾ ਨਿਸ਼ਾਨਾ ਹਾਸਲ ਕਰ ਲਿਆ ਹੈ। ਪਾਰਲੀਮੈਂਟ ਵਿੱਚ ਜਾਣ ਤੋਂ ਬਾਅਦ ਕਿਸੇ ਨੂੰ ਚੇਤੇ ਨਹੀਂ ਰਹਿਣਾ ਕਿ ਉਸਦੀ ਕਿੰਨੀਆਂ ਵੋਟਾਂ ਨਾਲ ਜਿੱਤ ਹੋਈ ਸੀ ਸਗੋਂ ਹੁਣ ਉਸਦੀ ਪਾਰਲੀਮੈਂਟ ਵਿੱਚ ਕਾਰਗੁਜ਼ਾਰੀ ਉਸਦੇ ਭੱਵਿਖ ਦਾ ਫੈਸਲਾ ਕਰੇਗੀ।

ਬਰਨਬੀ ਸਾਊਥ ਚੋਣ ਦਾ ਇੱਕ ਹੋਰ ਦਿਲਚਸਪ ਪਹਿਲੂ ਇੰਮੀਗਰਾਂਟਾਂ ਪ੍ਰਤੀ ਸਖ਼ਤ ਰੁਖ ਰੱਖਣ ਅਤੇ ਕੰਜ਼ਰਵੇਟਿਵ ਪਾਰਟੀ ਨਾਲੋਂ ਟੁੱਟਣ ਮੈਕਸਿਮ ਬਰਨੀਏ ਦੀ ਪੀਪਲਜ਼ ਪਾਰਟੀ ਦੀ ਕਾਰਗੁਜ਼ਾਰੀ ਹੈ। 65% ਐਥਨਿਕ ਵੋਟਾਂ ਵਾਲੀ ਇਸ ਰਾਈਡਿੰਗ ਵਿੱਚ ਪੀਪਲਜ਼ ਪਾਰਟੀ ਨੇ ਇੰਮੀਗਰਾਂਟ ਵਿਰੋਧੀ ਮੁਹਿੰਮ ਚਲਾ ਕੇ 10% ਵੋਟਾਂ ਵੀ ਹਾਸਲ ਕੀਤੀਆਂ ਹਨ। ਇਸਤੋਂ ਇਸ਼ਾਰਾ ਮਿਲਦਾ ਹੈ ਕਿ 2019 ਦੀਆਂ ਫੈਡਰਲ ਚੋਣਾਂ ਵਿੱਚ ਪੀਪਲਜ਼ ਪਾਰਟੀ ਸਾਰੀਆਂ ਰਾਈਡਿੰਗਾਂ ਉੱਤੇ ਖੜੇ ਕਰਕੇ ਆਪਣੇ ਇੰਮੀਗਰਾਂਟ ਵਿਰੋਧੀ ਏਜੰਡੇ ਦੀ ਤਾਕਤ ਨਾਲ ਲਿਬਰਲ , ਐਨ ਡੀ ਪੀ ਅਤੇ ਕੰਜ਼ਰਵੇਟਿਵ ਸਮੇਤ ਸਾਰਿਆਂ ਲਈ ਸਿਰਦਰਦੀ ਬਣ ਸਕਦੀ ਹੈ।

ਮੁੜ ਕੇ ਗੱਲ ਜਗਮੀਤ ਸਿੰਘ ਦੀ ਕੀਤੀ ਜਾਵੇ ਤਾਂ ਆਰਥਕ ਪੱਖ ਤੋਂ ਥੱਲੇ ਧੱਸੀ ਬੈਠੀ ਐਨ ਡੀ ਪੀ ਨੂੰ ਡਾਲਰਾਂ ਦਾ ਟੀਕਾ ਲਾਉਣਾ ਅਤੇ ਪਾਰਟੀ ਅੰਦਰ ਮੌਜੂਦ ਵਿਰੋਧੀ ਖੇਮਿਆਂ ਦੇ ਸਮਰੱਥਨ ਨੂੰ ਪਾੜ ਲਾਉਣਾ ਉਸ ਵਾਸਤੇ ਸਮੇਂ ਦੀ ਸੱਭ ਤੋਂ ਵੱਡੀ ਲੋੜ ਹੈ। ਐਨ ਡੀ ਪੀ ਦੀ ਲੀਡਰਸ਼ਿੱਪ ਰੇਸ ਜਿੱਤਣ ਤੋਂ ਬਾਅਦ ਕੈਨੇਡਾ ਦੇ ਸਿੱਖ ਖਾਸ ਕਰਕੇ ਗਰਮ-ਸੁਰ ਵਾਲੇ ਗਰੁੱਪਾਂ ਲਈ ਇੱਕ ਵਾਰ ਮੁੜ ਸਮਾਂ ਆ ਗਿਆ ਹੈ ਕਿ ਜਗਮੀਤ ਸਿੰਘ ਦੀ 'ਐਨ ਡੀ ਪੀ' ਦੀ ਡਾਲਰਾਂ ਦੇ ਗੱਫਿਆਂ ਨਾਲ ਮਦਦ ਦਿੱਤੀ ਜਾਵੇ। ਕੰਜ਼ਰਵੇਟਿਵਾਂ ਦੇ 25-26 ਮਿਲੀਅਨ ਅਤੇ ਲਿਬਰਲਾਂ ਦੇ 20-21 ਮਿਲੀਅਨ ਡਾਲਰਾਂ ਦੇ ਮੁਕਾਬਲੇ ਐਨ ਡੀ ਪੀ ਕੋਲ ਹਾਲੇ ਮੁਸ਼ਕਲ ਨਾਲ 4-5 ਮਿਲੀਅਨ ਡਾਲਰ ਹੀ ਹਨ। ਇਸ ਨਾਜ਼ੁਕ ਸਥਿਤੀ ਨੂੰ ਸੁਧਾਰਨ ਲਈ ਜਗਮੀਤ ਸਿੰਘ ਨੂੰ ਆਪਣੇ ਹਮਦਰਦਾਂ ਤੋਂ ਇਮਦਾਦ ਵੀ ਚੁੱਪ ਚੁਪੀਤੇ ਲੈਣ ਦੀ ਮਜ਼ਬੂਰੀ ਹੋਵੇਗੀ ਕਿਉਂਕਿ ਹੁਣ ਉਹ ਅਜਿਹੀ ਟੀਸੀ ਉੱਤੇ ਪੁੱਜ ਗਿਆ ਹੈ ਜਿੱਥੇ ਕਿਸੇ ਨਿੱਕੇ ਮੋਟੇ ਵਿਵਾਦ ਕਾਰਣ ਵੀ ਚੜੀ ਗੁੱਡੀ ਥੱਲੇ ਡਿੱਗ ਸਕਦੀ ਹੈ।

ਸਿੱਖ ਭਾਈਚਾਰੇ ਵੱਲੋਂ ਐਨ ਡੀ ਪੀ ਦੀ ਲੀਡਰਸ਼ਿੱਪ ਰੇਸ ਜਿੱਤਣ ਵੇਲੇ ਦਿੱਤੀ ਇਮਦਾਦ ਨੇ ਉਸਨੂੰ ਉਸ ਮੁਕਾਮ ਉੱਤੇ ਪਹੁੰਚਾ ਦਿੱਤਾ ਹੈ ਜਿੱਥੇ ਕਿਸੇ ਇੱਕ ਗੁੱਟ ਜਾਂ ਕਿਸੇ ਇੱਕ ਧਿਰ ਦਾ ਚਹੇਤਾ ਹੋਣ ਦਾ ਪ੍ਰਭਾਵ ਨੁਕਸਾਨਦਾਇਕ ਸਾਬਤ ਹੋ ਸਕਦਾ ਹੈ। ਪਰ ਕੌੜੀ ਸੱਚਾਈ ਇਹ ਵੀ ਹੈ ਕਿ ਪੁੱਜੇ ਹੋਏ ਮੁਕਾਮ ਉੱਤੇ ਟਿਕਿਆ ਰਹਿਣ ਲਈ ਉਸਨੂੰ 'ਆਪਣਿਆਂ' ਦੀ ਸਖ਼ਤ ਲੋੜ ਹੋਵੇਗੀ।

# ਭਾਰਤੀ ਹਵਾਈ ਫੌਜ ਵੱਲੋਂ ਪਾਕਿ ਵਿੱਚ ਅੱਤਵਾਦੀ ਕੈਂਪਾਂ ਉੱਤੇ ਵੱਡਾ ਹਮਲਾ

...ਪੰਨਾ 1 ਦਾ ਬਾਕੀ

ਇਸ ਕਾਮਯਾਬ ਕਾਰਵਾਈ ਦੇ ਬਾਅਦ ਭਾਰਤ ਦੇ ਵਿਦੇਸ਼ ਮੰਤਰਾਲੇ ਨੇ ਪ੍ਰੈੱਸ ਕਾਨਫਰੰਸ ਕੀਤੀ, ਜਿਸ ਵਿੱਚ ਦੇਸ਼ ਦੇ ਵਿਦੇਸ਼ ਸੈਕਟਰੀ ਵਿਜੇ ਗੋਖਲੇ ਨੇ ਕਿਹਾ ਕਿ ਇਹ ਹਮਲਾ ਕਰਨਾ ਭਾਰਤ ਲਈ ਜ਼ਰੂਰੀ ਹੋ ਗਿਆ ਸੀ। ਉਨ੍ਹਾਂ ਕਿਹਾ ਕਿ ਭਾਰਤ ਦੀ ਕਾਰਵਾਈ ਵਿੱਚ ਜੈਸ਼-ਇ-ਮੁਹੰਮਦ ਦੇ ਕਈ ਵੱਡੇ ਅੱਤਵਾਦੀ ਕਮਾਂਡਰ ਮਾਰ ਦਿੱਤੇ ਗਏ ਹਨ। ਪਾਕਿਸਤਾਨ ਦੇ ਅੰਦਰੋਂ ਚੱਲਦੇ ਇਸ ਅੱਤਵਾਦੀ ਗਰੁੱਪ ਜੈਸ਼-ਇ-ਮੁਹੰਮਦ ਨੇ ਬੀਤੀ 14 ਫਰਵਰੀ ਨੂੰ ਜੰਮੂ-ਕਸ਼ਮੀਰ ਦੇ ਪੁਲਵਾਮਾ ਵਿਚ ਸੀ ਆਰ ਪੀ ਐੱਫ ਦੇ ਕਾਫਲੇ ਉੱਤੇ ਹਮਲਾ ਕਰ ਕੇ ਭਾਰਤ ਦੇ 40 ਜਵਾਨਾਂ ਨੂੰ ਮਾਰ ਦਿੱਤਾ ਸੀ। ਉਸ ਦੇ 12 ਦਿਨ ਪਿੱਛੋਂ ਅੱਜ ਭਾਰਤੀ ਹਵਾਈ ਫੌਜ ਦੇ 12 ਲੜਾਕੂ ਮਿਰਾਜ ਜਹਾਜ਼ਾਂ ਨੇ ਸਰਹੱਦ ਲੰਘ ਕੇ ਪਾਕਿਸਤਾਨੀ ਕਬਜ਼ੇ ਵਾਲੇ ਕਸ਼ਮੀਰ (ਪੀ ਓ ਕੇ) ਵਿੱਚ ਕੁਝ ਅੱਤਵਾਦੀ ਟਿਕਾਣਿਆਂ ਨੂੰ ਭਾਰੀ ਬੰਬ ਸੁੱਟ ਕੇ ਤਬਾਹ ਕਰ ਦਿੱਤਾ ਹੈ।

ਇਸ ਦਾ ਵੇਰਵਾ ਦੇਂਦੇ ਹੋਏ ਵਿਜੇ ਗੋਖਲੇ ਨੇ ਕਿਹਾ ਕਿ ਪਾਕਿਸਤਾਨੀ ਰੁਖ ਦੇਖ ਕੇ ਸਾਨੂੰ ਸਰਜੀਕਲ ਸਟਰਾਈਕ ਵਰਗਾ ਇੱਕ ਵੱਡਾ ਕਦਮ ਫਿਰ ਚੁੱਕਣ ਦੀ ਰਣਨੀਤੀ ਬਣਾਉਣੀ ਪਈ ਅਤੇ ਅੱਜ ਮੰਗਲਵਾਰ ਵੱਡੇ ਤੜਕੇ ਪਾਕਿਸਤਾਨੀ ਕਬਜ਼ੇ ਹੇਠਲੇ ਕਸ਼ਮੀਰ ਵਿੱਚ ਬਾਲਾਕੋਟ ਜਾ ਕੇ ਹਵਾਈ ਹਮਲਾ ਕੀਤਾ ਹੈ, ਜਿਸ ਵਿੱਚ ਜੈਸ਼-ਇ-ਮੁਹੰਮਦ ਦੇ ਅੱਤਵਾਦੀ, ਸੀਨੀਅਰ ਕਮਾਂਡਰ ਅਤੇ ਜੱਹਾਦੀਆਂ ਦਾ ਇੱਕ ਟੋਲਾ ਮਾਰਿਆ ਗਿਆ ਹੈ। ਉਨ੍ਹਾਂ ਦੱਸਿਆ ਕਿ 20 ਸਾਲਾਂ ਤੋਂ ਪਾਕਿ-ਸਤਾਨ ਅੱਤਵਾਦੀ ਸਾਜਿਸ਼ਾਂ ਰਚ ਰਿਹਾ ਸੀ ਤੇ ਅੱਤਵਾਦੀ ਸੰਗਠਨਾਂ ਵਿਰੁੱਧ ਕੋਈ ਕਾਰਵਾਈ ਨਹੀਂ ਕੀਤੀ ਜਾਂਦੀ ਸੀ। ਜੈਸ਼-ਇ-ਮੁਹੰਮਦ ਦਾ ਮੁਖੀ ਮਸੂਦ ਅਜ਼ਹਰ ਕੌਮਾਂਤਰੀ ਅੱਤਵਾਦੀ ਹੈ ਤੇ ਏਸੇ ਜਥੇਬੰਦੀ ਨੇ ਸਾਲ 2001 ਵਿੱਚ ਭਾਰਤੀ ਪਾਰਲੀਮੈਂਟ ਤੇ ਫਿਰ ਜਨਵਰੀ 2016 ਵਿੱਚ ਪਠਾਨਕੋਟ ਦੇ ਏਅਰ ਫੋਰਸ ਸਟੇਸ਼ਨ ਉੱਤੇ ਹਮਲੇ ਕਰਨ ਦਾ ਗੁਨਾਹ ਕੀਤਾ ਸੀ। ਭਾਰਤ ਲਗਾਤਾਰ ਜੈਸ਼-ਇ-ਮੁਹੰਮਦ ਦੇ ਵਿਰੁੱਧ ਕਾਰਵਾਈ ਦੀ ਮੰਗ ਕਰਦਾ ਰਿਹਾ ਹੈ। ਕਿਉਂਕਿ ਕਦੇ ਵੀ ਇਹ ਕਾਰਵਾਈ ਨਹੀਂ ਸੀ ਕੀਤੀ ਗਈ, ਇਸ ਲਈ ਇਸ ਵਾਰ ਭਾਰਤ ਨੂੰ ਖੁਦ ਕਰਨੀ ਪਈ ਹੈ।

ਵਿਦੇਸ਼ ਸੈਕਟਰੀ ਵਿਜੇ ਗੋਖਲੇ ਨੇ ਜਿਹੜੀਆਂ ਗੱਲਾਂ ਪ੍ਰੈੱਸ ਕਾਨਫਰੰਸ ਵਿੱਚ ਦੱਸੀਆਂ, ਉਨ੍ਹਾਂ ਵਿੱਚੋਂ ਗੱਲ ਇਹ ਸੀ ਕਿ ਪਾਕਿਸਤਾਨ ਵਿਚ ਦਾਖਲ ਹੋ ਕੇ ਭਾਰਤੀ ਹਵਾਈ ਫੌਜ ਨੇ ਹਵਾਈ ਹਮਲਾ ਕੀਤਾ ਤੇ ਪੁਲਵਾਮਾ ਵਿੱਚ ਕੀਤੇ ਅੱਤਵਾਦੀ ਹਮਲੇ ਦਾ ਬਦਲਾ ਲਿਆ ਹੈ। ਦੂਸਰੀ ਇਹ ਕਿ ਇਸ ਹਮਲੇ ਵਿਚ ਵੱਡੀ ਗਿਣਤੀ ਜੈਸ਼-ਇ-ਮੁਹੰਮਦ ਦੇ ਅੱਤਵਾਦੀ ਅਤੇ ਸੀਨੀਅਰ ਕਮਾਂਡਰ ਮਾਰੇ ਗਏ ਹਨ। ਜੈਸ਼ ਦੇ ਮੁਖੀ ਮਸੂਦ ਅਜ਼ਹਰ ਦਾ ਸਾਲਾ ਮੌਲਾਨਾ ਯੂਸਫ ਅਜ਼ਹਰ ਇਹ ਕੈਂਪ ਚਲਾ ਰਿਹਾ ਸੀ। ਪਤਾ ਲੱਗਾ ਸੀ ਕਿ ਜੈਸ਼-ਇ-ਮੁਹੰਮਦ ਅਗਲੇ ਦਿਨੀਂ ਭਾਰਤ ਵਿਚ ਹੋਰ ਹਮਲੇ ਕਰਨ ਦੀ ਸਾਜਿਸ਼ ਬਣਾ ਰਿਹਾ ਸੀ, ਜਿਸ ਦੇ ਖਤਰੇ ਨੂੰ ਦੇਖਦੇ ਹੋਏ ਇਸ ਤਰ੍ਹਾਂ ਦੀ ਇਕ ਪਾਸੜ ਕਾਰਵਾਈ ਬਹੁਤ ਜ਼ਰੂਰੀ ਹੋ ਗਈ ਸੀ।

ਪੰਜਾਬੀ ਪੋਸਟ
Canadian Punjabi Post

Head Office
27 Armthorpe Road, Unit # 3
Brampton, Ontario, L6T 5M4
Ph. 905-793-2202
Fax. 905-793-2282

| | |
|---|---|
| Founder Editor | - Jagdish Singh Grewal |
| Managing Director | - Parminder Kaur Grewal |
| Honorary Editor | - Jatinder Pannu |
| Contributing Editors | - Karam Singh Punia<br>- Gyan Singh<br>- Angrej Singh |
| Office Admin Assistant | - Priya Sodhi |
| Marketing Executives | - HS Nagpal<br>- Gurpreet Singh Pall<br>- |
| Photographer | - Kanwaljit Singh Kanwal |
| Distribution | - Aman Warriach |

Canadian Punjabi Post is published daily (Monday - Friday). All the advertisement contents are the responsibility of the advertisers. The opinions expressed in the articles and columns are those of the writers, editor or any other staff member of Canadian Punjabi Post assumes no responsibility of any kind.

# 1386 ਪਾਸਪੋਰਟ ਦਰਖਾਸਤਾਂ ਦੀ ਅਪ੍ਰੈਲ 'ਚ ਕੀਤੀ ਵੈਰੀਕਿਫਕੇਸ਼ਨ : ਸੰਧੂ

ਫਰੀਦਕੋਟ, 26 ਫਰਵਰੀ (ਗਿਆਨ ਸਿੰਘ): ਜ਼ਿਲ੍ਹੇ 'ਚ ਕਾਰਜਸ਼ੀਲ ਸਾਂਝ ਕੇਂਦਰ ਲੋਕਾਂ ਨੂੰ ਸੇਵਾ ਦੇ ਅਧਿਕਾਰ ਕਾਨੂੰਨ ਤਹਿਤ ਤੈਅ ਸਮਾਂ ਹੱਦ ਅੰਦਰ ਸੇਵਾਵਾਂ ਉਪਲਬੱਧ ਕਰਵਾ ਰਹੇ ਹਨ। ਮਹੀਨਾ ਜਨਵਰੀ 2019 ਦੌਰਾਨ ਜ਼ਿਲ੍ਹਾ ਫਰੀਦਕੋਟ ਵਿਚ 3847 ਲੋਕਾਂ ਨੇ ਸਾਂਝ ਕੇਂਦਰਾਂ ਰਾਹੀਂ ਗ੍ਰਹਿ ਵਿਭਾਗ ਦੀਆਂ ਸੇਵਾਵਾਂ ਲੈਣ ਲਈ ਪੁਲਿਸ ਨਾਲ ਸਾਂਝ ਪਾਈ ਹੈ। ਇਹ ਜਾਣਕਾਰੀ ਜ਼ਿਲ੍ਹੇ ਦੇ ਸੀਨੀਅਰ ਪੁਲਿਸ ਕਪਤਾਨ ਰਾਜ ਬਚਨ ਸਿੰਘ ਸੰਧੂ ਨੇ ਦਿੱਤੀ। ਉਨ੍ਹਾਂ ਕਿਹਾ ਕਿ ਪੰਜਾਬ ਪੁਲਿਸ ਜ਼ਿਲ੍ਹੇ ਦੇ ਆਮ ਲੋਕਾਂ ਨੂੰ ਬਿਹਤਰ ਪ੍ਰਸਾਸ਼ਨਿਕ ਸਹੂਲਤਾਂ ਦੇਣ ਲਈ ਵਚਨਬੱਧ ਹੈ ।

ਸੀਨੀਅਰ ਪੁਲਿਸ ਕਪਤਾਨ ਰਾਜ ਬਚਨ ਸਿੰਘ ਸੰਧੂ ਨੇ ਇਸ ਸਬੰਧੀ ਹੋਰ ਜਾਣਕਾਰੀ ਦਿੰਦਿਆਂ ਦੱਸਿਆ ਕਿ ਹੁਣ ਤੱਕ ਕੁੱਲ 3847 ਸੇਵਾ ਦੇ ਅਧਿਕਾਰ ਕਾਨੂੰਨ ਤਹਿਤ ਸੇਵਾਵਾਂ ਲਈ ਅਰਜੀਆਂ ਪ੍ਰਾਪਤ ਹੋਈਆਂ ਹਨ ਜਿਨ੍ਹਾਂ ਵਿਚੋਂ 3716 ਦਾ ਨਿਪਟਾਰਾ ਕੀਤਾ ਜਾ ਚੁੱਕਾ ਹੈ ਜਦਕਿ 1921 ਤੇ ਕਾਰਵਾਈ ਚੱਲ ਰਹੀ ਹੈ। ਜਿਨ੍ਹਾਂ ਅਰਜੀਆਂ ਤੇ ਕਾਰਵਾਈ ਚੱਲ ਰਹੀ ਹੈ ਉਹ ਵੀ ਨਿਰਧਾਰਤ ਸਮਾਂ ਹੱਦ ਦੇ ਅੰਦਰ ਹੀ ਹੈ।

ਉਨ੍ਹਾਂ ਦੱਸਿਆ ਕਿ ਮਹੀਨਾ ਜਨਵਰੀ 2019 ਦੌਰਾਨ 3847 ਅਰਜੀਆਂ ਜਿਲ੍ਹੇ ਵਿੱਚ ਇੰਨ੍ਹਾਂ ਸਾਂਝ ਕੇਂਦਰਾਂ ਰਾਹੀਂ ਪ੍ਰਾਪਤ ਕੀਤੀਆ ਗਈਆਂ। ਇਸ ਅਰਸੇ ਦੌਰਾਨ ਪ੍ਰਾਪਤ ਹੋਇਆ ਦਰਖਾਸਤਾਂ ਜਿਨ੍ਹਾਂ 'ਚੋ ਵਿਸ਼ੇਸ਼ ਤੌਰ ਤੇ 823 ਐਫ.ਆਈ.ਆਰ/ਡੀ.ਡੀ.ਆਰ ਮਾਮਲੇ ਨਿਪਟਾ ਕੇ ਬੰਦ ਕੀਤੇ, 1386 ਪਾਸਪੋਰਟ ਵੈਰੀਫ਼ਿਕੇਸ਼ਨ, 346 ਅਸਲੇ ਦੀ ਨਵੀਨੀਕਰਣ ਅਤੇ 25 ਨਵੇਂ ਅਸਲੇ ਦੀ ਵੈਰੀਫਿਕੇਸ਼ਨ,ਹਥਿਆਰਾਂ ਦੀ ਵੇਚ ਸਬੰਧੀ ਇਤਰਾਜਹੀਣਤਾ ਸਰਟੀਫਿਕੇਟ ਸਬੰਧੀ 23, ਕਿਰਾਏਦਾਰ ਅਤੇ ਨੌਕਰਾਂ ਸਬੰਧੀ ਵੈਰੀਫਿਕੇਸ਼ਨ 10, ਗੱਡੀਆਂ ਦੇ ਇਤਰਾਜਹੀਣਤਾ ਸਬੰਧੀ 107, ਚਾਲ-ਚਲਣ ਦੀ ਵੈਰੀਫਿਕੇਸ਼ਨ 76 ਅਤੇ 197 ਹੋਰ ਸੇਵਾਵਾਂ ਦੀ ਵੈਰੀਫਿਕੇਸ਼ਨ ਦਰਖਾਸਤਾਂ ਦਾ ਸਮੇਂ ਸਿਰ ਨਿਪਟਾਰਾ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਮਹੀਨਾ ਜਨਵਰੀ 2019 ਦੌਰਾਨ 3716 ਅਰਜੀਆਂ ਦਾ ਨਿਪਟਾਰਾ ਹੋਇਆ। ਉਨ੍ਹਾਂ ਦੱਸਿਆ ਕਿ ਇਹ ਸੇਵਾਵਾਂ ਪਬਲਿਕ ਨੂੰ ਨਿਰਧਾਰਿਤ ਸਮੇਂ ਅੰਦਰ ਪ੍ਰਦਾਨ ਕਰਵਾਈਆਂ ਗਈਆਂ ਹਨ।

ਜ਼ਿਲ੍ਹਾ ਪੁਲਿਸ ਮੁਖੀ ਰਾਜ ਬਚਨ ਸਿੰਘ ਸੰਧੂ ਨੇ ਆਮ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਇੰਨ੍ਹਾਂ ਪੁਲਿਸ ਸਾਂਝ ਕੇਂਦਰਾਂ ਰਾਹੀਂ ਵੱਧ ਤੋਂ ਵੱਧ ਸੇਵਾਂਵਾਂ ਦਾ ਲਾਭ ਲੈਣ। ਉਨ੍ਹਾਂ ਕਿਹਾ ਕਿ ਇਨ੍ਹਾਂ ਸੈਂਟਰਾਂ ਦਾ ਕੰਮ ਪਾਰਦਰਸ਼ੀ ਅਤੇ ਵਧੀਆਂ ਤਰੀਕੇ ਨਾਲ ਚਲਾਉਣ ਲਈ ਹਰ ਵਰਗ ਦੇ ਸੂਝਵਾਨ, ਰਾਜਸੀ, ਸਮਾਜ ਸੇਵੀ ਅਤੇ ਬੁੱਧੀਜੀਵੀ ਵਿਅਕਤੀਆਂ ਦੇ ਅਧਾਰਿਤ ਬਣਾਈਆਂ ਸੁਸਾਇਟੀਆਂ ਵੱਲੋਂ ਘਰੇਲੂ ਝਗੜੇ, ਮਾਰਕੁੱਟ, ਦਾਜ ਦੀ ਮੰਗ ਅਤੇ ਵਿਆਹੀਆਂ ਲੜਕੀਆਂ ਦੇ ਘਰੇਲੂ ਮਾਮਲੇ, ਔਰਤਾਂ ਅਤੇ ਬੱਚਿਆਂ ਨਾਲ ਸਬੰਧਤ ਸਮੱਸਿਆਵਾਂ ਨੂੰ ਸੁਲਝਾਇਆ ਜਾਂਦਾ ਹੈ। ਸਾਂਝ ਕੇਂਦਰਾਂ ਰਾਹੀਂ ਪੁਲਿਸ ਦਾ ਆਮ ਲੋਕਾਂ ਨਾਲ ਸੰਪਰਕ ਵਧਿਆ ਹੈ ਅਤੇ ਲੋਕ ਬੇਝਿਜਕ ਇੰਨ੍ਹਾਂ ਸਾਂਝ ਕੇਂਦਰਾਂ ਤੋਂ ਦਿੱਤੀਆਂ ਜਾ ਰਹੀਆਂ ਸੇਵਾਵਾਂ ਦਾ ਲਾਭ ਲੈ ਰਹੇ ਹਨ। ਉਨ੍ਹਾ ਦੱਸਿਆ ਕਿ ਜ਼ਿਲ੍ਹੇ ਦੇ ਫਰੀਦਕੋਟ, ਕੋਟਕਪੂਰਾ ਅਤੇ ਜੈਤੋ ਤੋਂ ਇਲਾਵਾ ਹਰ ਥਾਣੇ ਵਿੱਚ ਆਊਟਰੀਚ ਸੈਂਟਰ ਚੱਲ ਰਹੇ ਹਨ, ਜੋ ਕਿ ਸਫ਼ਲਤਾ ਪੂਰਵਕ ਆਮ ਲੋਕਾਂ ਨੂੰ ਵਧੀਆਂ ਸੇਵਾਵਾਂ ਮੁਹੱਈਆ ਕਰਵਾਉਣ ਲਈ ਸਹਾਈ ਸਿੱਧ ਹੋ ਰਹੇ ਹਨ।

# ਹਰਜੀਤ ਸੱਜਣ ਦੇ ਫੋਟੋ ਖਰਚਿਆਂ ਦੀ ਗਾਥਾ

ਆਖਦੇ ਹਨ ਕਿ ਇੱਕ ਤਸਵੀਰ ਹਜ਼ਾਰਾਂ ਸ਼ਬਦਾਂ ਦੇ ਬਰਾਬਰ ਦੀ ਹੁੰਦੀ ਹੈ। ਕਰੀਬ 1911 ਵਿੱਚ ਇਜਾਦ ਹੋਈ ਇਸ ਕਹਾਵਤ ਦੀ ਸਾਰਥਕਤਾ ਨੂੰ ਅਖਬਾਰਾਂ, ਰਿਪੋਰਟਾਂ, ਪੁਸਤਕਾਂ ਅਤੇ ਦਸਤਾਵੇਜ਼ਾਂ ਦੇ ਲੇਖਕਾਂ ਨੇ ਹੁਣ ਤੱਕ ਲੱਖਾਂ ਕਰੋੜਾਂ ਵਾਰ ਵਰਤ ਕੇ ਸੱਚ ਸਾਬਤ ਕੀਤਾ ਹੈ। ਹੁਣ ਇੱਕ ਵਾਰ ਦੁਬਾਰਾ ਸਾਡੇ ਰੱਖਿਆ ਮੰਤਰੀ ਹਰਜੀਤ ਸਿੰਘ ਸੱਜਣ ਨੇ ਇਸ ਕਹਾਵਤ ਨੂੰ ਖੁਦ ਉੱਤੇ ਲਾਗੂ ਕਰਕੇ ਸੱਚ ਸਾਬਤ ਕਰਨ ਦੀ ਨਿਮਾਣੀ ਜਿਹੀ ਕੋਸ਼ਿਸ਼ ਕੀਤੀ ਹੈ। ਸਰਕਾਰ ਦੇ ਅਧਿਕਾਰਤ ਸੂਤਰਾਂ ਤੋਂ ਹਾਸਲ ਕੀਤੀ ਗਈ ਜਾਣਕਾਰੀ ਦੇ ਆਧਾਰ ਉੱਤੇ ਬੀਤੇ ਦਿਨਾਂ ਤੋਂ ਮੀਡੀਆ ਵਿੱਚ ਚਰਚਾ ਚੱਲਦੀ ਆ ਰਹੀ ਹੈ ਕਿ ਮੰਤਰੀ ਸੱਜਣ ਨੇ ਸਾਲ 2015 ਦੇ ਆਖਰੀ ਦਿਨਾਂ ਤੋਂ ਲੈ ਕੇ ਹੁਣ ਤੱਕ 26 ਦੌਰਿਆਂ ਦੌਰਾਨ ਸਿਰਫ਼ ਅਤੇ ਸਿਰਫ਼ ਫੋਟੋਗਰਾਫੀ ਉੱਤੇ 1 ਲੱਖ 61 ਹਜ਼ਾਰ ਡਾਲਰ ਖਰਚ ਕੀਤੇ ਹਨ। ਜੇ ਔਸਤ ਕੱਢੀ ਜਾਵੇ ਤਾਂ ਇੱਕ ਦੌਰੇ ਉੱਤੇ 6200 ਡਾਲਰ ਪ੍ਰਤੀ ਦੌਰਾ ਸਿਰਫ਼ ਅਤੇ ਸਿਰਫ਼ ਫੋਟੋਗਰਾਫੀ ਦਾ ਖਰਚ ਬਣਦਾ ਹੈ।

ਚੇਤੇ ਰਹੇ ਕਿ ਇਹਨਾਂ ਖਰਚਿਆਂ ਦਾ ਰੱਖਿਆ ਵਿਭਾਗ ਦੇ ਸਰਕਾਰੀ ਫੋਟੋਗਰਾਫਰਾਂ ਦੀਆਂ ਤਨਖਾਹਾਂ ਜਾਂ ਹੋਰ ਲੋੜੀਂਦੇ ਖਰਚਿਆਂ ਨਾਲ ਕੋਈ ਲੈਣਾ ਦੇਣਾ ਨਹੀਂ ਹੈ। ਇਹ ਆਮ ਮਾਰਕੀਟ ਵਿੱਚੋਂ ਵਿਸ਼ੇਸ਼ ਇੰਤਜ਼ਾਮ ਦੁਆਰਾ ਮੰਗਵਾਏ ਗਏ ਫੋਟੋਗਰਾਫਰਾਂ ਉੱਤੇ ਕੀਤੇ ਖਰਚੇ ਹਨ।


ਚਰਚਾ ਅਧੀਨ ਦੌਰਿਆਂ ਵਿੱਚ ਜੋ ਕੁੱਝ ਦੌਰੇ ਅੰਤਰਰਾਸ਼ਟਰੀ ਰਹੇ ਤਾਂ ਨਾਲ ਹੀ ਕੈਨੇਡਾ ਦੇ ਅੰਦਰ ਕੀਤੇ ਦੌਰੇ ਵੀ ਸ਼ਾਮਲ ਹਨ ਜਿਹਨਾਂ ਵਿੱਚ ਟੋਰਾਂਟੋ ਦੀਆਂ ਬਰੂਹਾਂ ਉੱਤੇ ਸਥਿਤ ਟਰੈਂਟਨ ਫੌਜੀ ਛਾਉਣੀ ਦਾ ਕੀਤਾ ਦੌਰਾ ਵੀ ਸ਼ਾਮਲ ਹੈ। ਇਸ ਬੇਹਿਸਾਬ ਮਹਿੰਗੀ ਫੋਟੋਗਰਾਫੀ ਦੇ ਹੱਕ ਵਿੱਚ ਲਿਬਰਲ ਸਰਕਾਰ ਦਾ ਆਖਣਾ ਹੈ ਕਿ ਇਸ ਤੋਂ ਇਹ ਸਾਬਤ ਹੁੰਦਾ ਹੈ ਕਿ ਕੈਨੇਡਾ ਆਪਣੇ ਅਕਸ ਨੂੰ ਵਿਸ਼ਵ ਸਟੇਜ ਉੱਤੇ ਪ੍ਰਭਾਵਸ਼ਾਲੀ ਢੰਗ ਨਾਲ ਉਭਾਰਨ ਵਿੱਚ ਸਫ਼ਲ ਹੋ ਰਿਹਾ ਹੈ। ਕੈਨੇਡਾ ਦਾ ਵਿਸ਼ਵ ਮੰਚ ਉੱਤੇ ਸਫ਼ਲ ਅਕਸ ਬਣਾਉਣ ਦੀ ਪ੍ਰਕਿਰਿਆ ਉੱਤੇ ਕੀਤੇ ਮਹਿੰਗੇ ਫੋਟੋਗਰਾਫੀ ਦੌਰਿਆਂ ਵਿੱਚ ਮੰਤਰੀ ਸੱਜਣ ਦਾ ਭਾਰਤ ਦੌਰਾ ਵੀ ਸ਼ਾਮਲ ਹੈ। ਇਹ ਉਹੀ ਦੌਰਾ ਸੀ ਜਿਸ ਦੌਰਾਨ ਦਿੱਲੀ ਵਿਖੇ ਇੱਕ ਉੱਚ ਪੱਧਰੀ ਸੰਮੇਲਨ ਵਿੱਚ ਉਹਨਾਂ ਨੇ ਅਫਗਾਨਸਤਾਨ ਵਿੱਚ ਆਪਣੇ ਜੰਗਜੂ ਰੋਲ ਬਾਰੇ ਗਲਤ ਤੱਥ ਪੇਸ਼ ਕਰਕੇ ਸਮੁੱਚੀ ਲਿਬਰਲ ਸਰਕਾਰ ਦਾ ਅਕਸ ਵਿਸ਼ਵ ਸਟੇਜ ਉੱਤੇ ਉਭਾਰਿਆ ਸੀ। ਇਹ ਵੱਖਰੀ ਗੱਲ ਹੈ ਕਿ ਬਾਅਦ ਵਿੱਚ ਉਹਨਾਂ ਨੂੰ ਕੈਨੇਡੀਅਨ ਫੌਜ, ਅਫਗਾਨਸਤਾਨੀ ਫੌਜ ਅਤੇ ਅਮਰੀਕੀ ਫੌਜ ਤੋਂ ਜਨਤਕ ਰੂਪ ਵਿੱਚ ਮੁਆਫੀ ਮੰਗਣੀ ਪਈ ਸੀ।

ਬੇਸ਼ੱਕ ਇਹ ਤਰਕ ਆਮ ਕੈਨੇਡੀਅਨ ਨੂੰ ਚੰਗਾ ਲੱਗੇ ਜਾਂ ਨਾ ਪਰ ਰੱਖਿਆ ਮੰਤਰੀ ਇਹ ਸਾਬਤ ਕਰਦੇ ਜਾਪਦੇ ਹਨ ਕਿ ਜੇ ਕੈਨੇਡਾ ਨੇ ਵਿਸ਼ਵ ਪੱਧਰ ਉੱਤੇ ਧਾਂਕ ਜਮਾਉਣੀ ਹੈ ਤਾਂ ਫੌਜ ਲਈ ਸਹੂਲਤਾਂ ਅਤੇ ਆਧੁਨਿਕ ਸਾਜ਼ੋ ਸਮਾਨ ਦਾ ਇੰਤਜ਼ਾਮ ਵਿੱਚ ਜੇ ਦੇਰ ਸਵੇਰ ਹੋ ਵੀ ਜਾਵੇ ਤਾਂ ਉਸਦੀ ਸੋਹਣੀਆਂ ਅਤੇ ਪ੍ਰਭਾਵਸ਼ਾਲੀ ਫੋਟੋਆਂ ਖਿਚਵਾ ਕੇ ਭਰਪਾਈ ਕੀਤੀ ਜਾ ਸਕਦੀ ਹੈ।

ਮੰਤਰੀ ਹਰਜੀਤ ਸਿੰਘ ਸੱਜਣ ਦੇ ਰਿਕਾਰਡ ਸਾਹਮਣੇ ਵਾਤਾਵਰਣ ਮੰਤਰੀ ਕੇਥਰੀਨ ਮੈਕੇਨਾ ਨੂੰ ਅੱਜ ਕਿੰਨੀ ਨਮੋਸ਼ੀ ਮਹਿਸੂਸ ਹੋ ਰਹੀ ਹੋਵੇਗੀ ਜਿਹਨਾਂ ਨੂੰ ਅਗਸਤ 2016 ਵਿੱਚ 15 ਈਵੈਂਟਾਂ ਉੱਤੇ 17000 ਡਾਲਰ ਫੋਟੋਗਰਾਫੀ ਉੱਤੇ ਖਰਚ ਕਰਨ ਬਦਲੇ ਜਤਨਕ ਰੂਪ ਵਿੱਚ ਮੁਆਫੀ ਮੰਗਣੀ ਪਈ ਸੀ। ਉਸਦਾ ਸੱਭ ਤੋਂ ਵੱਡਾ ਖਰਚਾ ਫਰਾਂਸ ਵਿੱਚ ਵਾਤਾਵਰਣ ਸਿਖ਼ਰ ਸੰਮੇਲਨ ਵਿੱਚ ਹਿੱਸਾ ਲੈਣ ਵਾਸਤੇ ਸੀ ਜਿੱਥੇ 6700 ਡਾਲਰ ਖਰਚੇ ਗਏ ਸਨ। ਮੰਤਰੀ ਕੇਥਰੀਨ ਮੈਕੇਨਾ ਨੇ ਕਬੂਲ ਕੀਤਾ ਸੀ ਕਿ ਉਹ ਨਹੀਂ ਸੀ ਜਾਣਦੀ ਕਿ ਫੋਟੋਗਰਾਫੀ ਉੱਤੇ ਐਨੇ ਖਰਚ ਹੋ ਸਕਦੇ ਹਨ। ਉਸਨੇ ਅੱਗੇ ਤੋਂ ਅਜਿਹੇ ਫਜ਼ੂਲ ਖਰਚਿਆਂ ਤੋਂ ਤੋਬਾ ਕਰਨ ਦੀ ਗੱਲ ਕੀਤੀ ਸੀ।

ਲਿਬਰਲ ਸਰਕਾਰ ਨੂੰ ਇਹ ਸਿਹਰਾ ਜਾਂਦਾ ਹੈ ਕਿ ਕੀਤੇ ਫਜ਼ੂਲ ਖਰਚਿਆਂ ਬਾਰੇ ਇਸਦੇ ਇੱਕ ਹੱਥ ਦੀਆਂ ਗੱਲਾਂ ਦਾ ਦੂਜੇ ਹੱਥ ਨੂੰ ਪਤਾ ਨਹੀਂ ਲੱਗਦਾ। ਨਹੀਂ ਤਾਂ ਕੀ ਕਾਰਣ ਹੈ ਕਿ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦੇ ਦੌਰਿਆਂ ਅਤੇ ਤੋਹਫਿਆਂ, ਉਸਦੇ ਸਾਬਕਾ ਪ੍ਰਿੰਸੀਪਲ ਸਕੱਤਰ ਜੇਰ-'ਲਡ ਬੱਟਸ ਦੀ ਮੂਵਿੰਗ, ਅਮਰਜੀਤ ਸਿੰਘ ਸੋਹੀ ਦੇ ਦਫ਼ਤਰ ਦੀ ਸਜਾਵਟ ਅਤੇ ਹੁਣ ਹਰਜੀਤ ਸੱਜਣ ਦੇ ਫੋਟੋਗਰਾਫੀ ਵਰਗੇ ਕਿੱਸੇ ਖਤਮ ਹੋਣ ਦਾ ਨਾਮ ਤੱਕ ਨਹੀਂ ਲੈ ਰਹੇ।

ਆਪਣੇ ਕੰਮਕਾਜ ਦੀ ਜਾਣਕਾਰੀ ਪਬਲਿਕ ਨਾਲ ਸਾਂਝੀ ਕਰਨ ਵਾਸਤੇ ਸਰਕਾਰਾਂ ਨੂੰ ਮੀਡੀਆ ਅਤੇ ਸਰਕਾਰੀ ਮਾਧਿਆਮਾਂ ਰਾਹੀਂ ਦੀ ਵਰਤੋਂ ਕਰਨੀ ਹੁੰਦੀ ਹੈ ਅਤੇ ਕਰਨੀ ਵੀ ਚਾਹੀਦੀ ਹੈ। ਮੁੱਦਾ ਸਰਕਾਰ ਦੇ ਵਾਜਬ ਖਰਚਿਆਂ ਖਰਚੇ ਉੱਤੇ ਕਿੰਤੂ-ਪ੍ਰਤੂੰ ਕਰਨਾ ਨਹੀਂ ਹੈ ਸਗੋਂ ਲਿਬਰਲ ਮਸ਼ੀਨਰੀ ਦਾ ਕੈਨੇਡੀਅਨਾਂ ਦੇ ਟੈਕਸ ਡਾਲਰਾਂ ਪ੍ਰਤੀ ਸੰਵੇਦਨਸ਼ੀਲ ਨਾ ਹੋਣ ਬਾਰੇ ਹੈ।




## ਸਵ: ਨਛੱਤਰ ਕੌਰ ਗਿੱਲ ਯਾਦਗਾਰੀ ਸਾਹਿਤਕ ਸਮਾਗਮ




ਅਜੀਤਵਾਲ, (ਮੋਗਾ) 26 ਫਰਵਰੀ (ਗਿਆਨ ਸਿੰਘ) ਅੰਤਰਰਾਸ਼ਟਰੀ ਲੇਖਕ ਪਾਰਠਕ ਵਿਚਾਰ ਮੰਚ ਅਤੇ ਅਦਾਰਾ ਲੋਹਮਣੀ ਵੱਲੋਂ ਸਵਰਗਵਾਸੀ ਨਛੱਤਰ ਕੌਰ ਗਿੱਲ ਯਾਦਗਾਰੀ 10 ਵਾਂ ਸਾਹਤਕ ਸਮਾਗਮ ਲਾਲਾ ਲਾਜਪਤ ਰਾਏ ਪਾਲਿਟੈਕਨਿਕ ਕਾਲਜ ਅਜੀਤਵਾਲ ਮੋਗਾ ਵਿਖੇ ਆਯੋਜਿਤ ਕੀਤਾ ਗਿਆ। ਸਮਾਗਮ ਦੇ ਪ੍ਰਧਾਨਗੀ ਮੰਡਲ ਵਿਚ ਡਾ: ਸੁਖਦੇਵ ਸਿੰਘ ਸਿਰਸਾ,ਡਾ: ਤੇਜਵੰਤ ਮਾਨ, ਬਲਦੇਵ ਸਿੰਘ ਸੜਕਨਾਮਾ, ਹਰਜੀਤ ਦੌਧਰੀਆ, ਗੁਰਬਚਨ ਸਿੰਘ ਚਿੰਤਕ, ਕੇ ਐਲ ਗਰਗ, ਡਾ: ਚਮਨ ਲਾਲ ਸਚਦੇਵਾ, ਨਛੱਤਰ ਸਿੰਘ ਗਿੱਲ, ਮੈਡਮ ਨਿਰਮਲਜੀਤ ਕੌਰ ਸਿੱਧੂ,ਐਡਵੋਕੇਟ ਹਾਕਮ ਸਿੰਘ, ਸੁਰਿੰਦਰ ਗੀਤ, ਡਾ: ਸੁਰਜੀਤ ਬਰਾੜ ਅਤੇ ਜਰਨੈਲ ਸਿੰਘ ਸੇਖਾ ਸੁਸ਼ੋਭਿਤ ਸਨ। ਡਾ: ਸੁਰਜੀਤ ਬਰਾੜ ਨੇ ਮੰਚ ਸੰਚਾਲਣ ਕਰਦਿਆਂ ਸਮਾਗਮ ਦੀ ਸ਼ੁਰੂਆਤ ਗੁਰਦੇਵ ਸਿੰਘ ਦਰਦੀ ਦੇ ਖੂਬਸੂਰਤ ਗੀਤ ਨਾਲ ਕਰਵਾਈ ਅਤੇ ਡਾ. ਐੱਸ ਤਰਸੇਮ ਦੇ ਸਦੀਵੀ ਵਿਛੋੜੇ 'ਤੇ ਉਹਨਾਂ ਨੂੰ ਦੋ ਮਿੰਟ ਦਾ ਮੌਨ ਧਾਰਨ ਕਰਕੇ ਨਿੱਘੀ ਸ਼ਰਧਾਂਜਲੀ ਭੇਂਟ ਕੀਤੀ। ਇਸ ਮੌਕੇ ਡਾ. ਸੁਖਦੇਵ ਸਿੰਘ ਸਰਸਾ ਨੇ ਪੰਜਾਬੀ ਭਾਸ਼ਾ ਤੇ ਵਰਤਮਾਨ ਸਥਿਤੀ ਬਾਰੇ ਅਤੇ ਕਾਰਪੋਰੇਟ ਸੰਸਾਰ ਵੱਲੋਂ ਗੰਭੀਰ ਚੁਣੌਤੀ ਸਬੰਧੀ ਬੋਲਦਿਆਂ ਕਿਹਾ ਕਿ ਵਿਗਿਆਨੀਆਂ ਦੀ ਗੱਲ ਮੰਨ ਲੈਣੀ ਚਾਹੀਦੀ ਹੈ ਅਤੇ ਆਪਣੀ ਭਾਸ਼ਾ ਹੀ ਮਕਬੂਲ ਹੈ। ਡਾ: ਤੇਜਵੰਤ ਨੇ ਕਿਹਾ ਕਿ ਸੱਭਿਆਚਾਰ ਨੂੰ ਨਿਵਾਣਾਂ ਵੱਲ ਲੈ ਜਾ ਰਹੇ ਸਾਹਿਤ ਨੂੰ ਗੁਲਕੰਦ ਬਣਾਉਣਾ ਗੰਦ ਨਹੀਂ ਯਥਾਰਥ ਨੂੰ ਸਮਾਜਿਕ ਪਰਿਖੇਪਤਾ ਵਿਚ ਵੇਖਣ ਦੀ ਲੋੜ ਹੈ । ਸਮਾਗਮ ਦੌਰਾਨ ਐਂਡਵੋਕੇਟ ਹਾਕਮ ਸਿੰਘ ਭੁੱਲਰ,ਜਰਨੈਲ ਸਿੰਘ ਸੇਖਾ, ਕੇ ਐਲ ਗਰਗ , ਡਾ: ਚਮਨ ਲਾਲ ਸਚਦੇਵਾ, ਨਛੱਤਰ ਸਿੰਘ ਗਿੱਲ, ਹਰਜੀਤ ਦੌਧਰੀਆ ਆਦਿ ਬੁਲਾਰਿਆਂ ਨੇ ਕਿਹਾ ਕਿ ਮਾਂ ਬੋਲੀ ਸਬੰਧੀ ਡੂੰਘੀ ਖੋਜ ਦੀ ਲੋੜ ਹੈ ਅਤੇ ਬੁੱਧੀਜੀਵੀਆਂ ਨੂੰ ਆਪਣੀ ਪੀੜ੍ਹੀ ਹੇਠ ਸੋਟਾ ਫੇਰਨਾ ਚਾਹੀਦਾ ਹੈ ਅਤੇ ਸਾਨੂੰ ਗੁਰਮਤਿ ਅਤੇ ਮਾਰਕਸਵਾਦ 'ਤੇ ਪੈਰਾ ਦੇਣ ਦੀ ਲੋੜ ਹੈ। ਸਮਾਗਮ ਦੌਰਾਨ ਲੋਹਮਣੀ ਅਦਾਰੇ ਲਈ ਵਿਸ਼ੇਸ਼ ਕਾਰਜਸ਼ੀਲ ਅਤੇ ਸਮਰਪਿਤ ਸ਼ਖਸੀਅਤਾਂ ਗੁਰਬਚਨ ਸਿੰਘ ਚਿੰਤਕ ਕਨੇਡਾ, ਪ੍ਰੋ. ਸੁਰਜੀਤ ਸਿੰਘ ਕਾਉਂਕੇ ਅਮਰੀਕਾ, ਸੁਰਿੰਦਰ ਗੀਤ ਕਨੇਡਾ, ਕਰਮਜੀਤ ਕੌਰ ਅਤੇ ਖੁਸ਼ਪਾਲ ਕੌਰ ਭੁੱਲਰ ਅਤੇ ਹੋਰ ਅਹਿਮ ਸ਼ਖਸੀਅਤਾਂ ਡਾਇਰੈਕਟਰ ਡਾ. ਚਮਨ ਲਾਲ ਸੱਚਦੇਵਾ,ਚੇਤੰਨ ਅਤੇ ਯਤਨਸ਼ੀਲ ਲੇਖਕ ਡਾ. ਸੁਖਦੇਵ ਸਿੰਘ ਸਿਰਸਾ ਅਤੇ ਡਾ. ਤੇਜਵੰਤ ਮਾਨ ਨੂੰ ਵੀ ਸਨਮਾਨ ਚਿੰਨ, ਦੁਸ਼ਾਲੇ ਅਤੇ ਪੁਸਤਕਾਂ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਸਿਰਮੌਰ ਲੇਖਕ ਨਛੱਤਰ ਸਿੰਘ ਗਿੱਲ ਕਨੇਡਾ ਦੀਆਂ ਦੋ ਪੁਸਤਕਾਂ 'ਦੁਖਦੀ ਰਗ' ਅਤੇ 'ਸੁਨਹਿਰੀ ਕਿਰਨ' ਅਤੇ ਸੁਰਿੰਦਰ ਗੀਤ ਦੀਆਂ ਦੋ ਪੁਸਤਕਾਂ 'ਸ਼ਬਦ ਸੁਨੱਖੇ' ਅਤੇ 'ਧੀ ਦਾ ਕਰਜ਼' ਲੇਖਕ ਗੁਰਮੇਲ ਸਿੰਘ ਬੌਡੇ ਦੀਆਂ ਤਿੰਨ ਪੁਸਤਕਾਂ 'ਬਾਂਝ ਧਰਤੀ' ,'ਖੋਖਲਾ ਬੰਦਾ' ਅਤੇ 'ਵਕਤ ਦੀ ਚੱਕੀ' , ਬੇਅੰਤ ਕੌਰ ਦੀ ਪੁਸਤਕ 'ਨਾਦ' ਆਦਿ ਰਿਲੀਜ਼ ਕੀਤੀਆਂ ਗਈਆਂ । ਕਵੀ ਦਰਬਾਰ ਵਿਚ ਸੁਰਜੀਤ ਦੌਧਰ ਤਰਕਸ਼ੀਲ ,ਕ੍ਰਿਸ਼ਨ ਪ੍ਰਤਾਪ ,ਪ੍ਰੋ ਗੁਰਮੇਲ ਸਿੰਘ ਸਿੱਧੂ , ਦਰਸ਼ਨ ਸਿੰਘ ਸੰਘਾ ,ਗੁਰਦੇਵ ਸਿੰਘ ਦਰਦੀ , ਸੁਰਿੰ-ਦਰ ਗੀਤ ,ਪਰਮਜੀਤ ਪਾਇਲ ਬਟਾਲਾ, ਮਹਿੰਦਰ ਸਾਥੀ,ਬੇਅੰਤ ਕੌਰ ਗਿੱਲ, ਜਰਨੈਲ ਸਿੰਘ ਅੱਚਰਵਾਲ ,ਸਰਬਜੀਤ ਦੌਧਰ , ਤਰਸੇਮ ਗੋਪਿਕਾ, ਸੁਖਦੇਵ ਲੱਧੜ, ਸੰਪੂਰਨ ਟੱਲੇਵਾਲੀਆ,ਦਰਸ਼ਨ ਸਿੰਘ ਗੁਰੂ ਅਤੇ ਗੁਰਮੇਲ ਸਿੰਘ ਦੀ ਕਵੀਸ਼ਰੀ, ਜਸਵੰਤ ਸਿੰਘ ਰਾਊਕੇ,ਭੂਪਿੰਦਰ, ਪਵਨ ਹਰਚੰਦਪੁਰੀ, ਬਲਵੰਤ ਸਿੰਘ ਮੁਸਾਫਰ, ਸੁਰਜੀਤ ਸਿੰਘ ਕਾਲੇਕੇ, ਕਰਮ ਸਿੰਘ ਕਰਮ, ਸੁਰਜੀਤ ਸਿੰਘ ਕਾਉਂਕੇ,ਜਗੀਰ ਸਿੰਘ ਖੋਖਰ, ਪ੍ਰਿੰਸੀਪਲ ਗੁਰਮੇਲ ਸਿੰਘ ਚੰਦ ਨਵਾਂ, ਸਾਧੂਰਾਮ ਲੰਗੇਆਣਾ, ਸ਼ੀਰਾ ਗਰੇਵਾਲ,ਅਮਰੀਕ ਸੈਦੋਕੇ, ਹਰਵਿੰਦਰ ਬਿਲਾਸਪੁਰ, ਗੁਰਦੀਪ ਲੋਪੋ, ਚਰਨਜੀਤ ਸਮਾਲਸਰ, ਕਰਮਜੀਤ ਕੌਰ, ਅਮਨਦੀਪ ਕੌਰ ਲੰਢੇਕੇ, ਰਵਿੰਦਰ, ਗਿਆਨ ਸਿੰਘ ਸਾਬਕਾ ਡੀ ਪੀ ਆਰ ਓ, ਪ੍ਰਿੰ: ਨਛੱਤਰ ਸਿੰਘ ਸੇਖਾ, ਨਵਦੀਪ ਸਿੰਘ, ਗੁਲਜ਼ਾਰ ਸ਼ੌਕੀ, ਵਿਵੇਕ ਕੋਟ ਈਸੇ ਖਾਂ, ਅਵਤਾਰ ਸਿੰਘ, ਪ੍ਰਿੰ: ਪੂਰਨ ਸਿੰਘ ਸੰਧੂ, ਸੁਖਵਿੰਦਰ ਸਿੰਘ, ਜੋਗਿੰ-ਦਰ ਬਾਠ, ਬਲਵਿੰਦਰ ਸਿੰਘ, ਗੁਰਮੀਤ ਕੜਿਆਲਵੀ, ਕਮਲਜੀਤ ਭੋਲਾ, ਰਾਜ ਕੁਮਾਰ ਸ਼ਰਮਾ, ਚਮਕੌਰ ਬਾਘੇਵਾਲੀਆ, ਜਗਦੀਸ਼ ਪ੍ਰੀਤਮ, ਹਰਨੇਕ ਸਿੰਘ ਨੇਕ, ਅਮਰਜੀਤ ਸਿੰਘ, ਆਤਮਾ ਸਿੰਘ ਚੜਿੱਕ, ਹਰਚਰਨ ਸਿੰਘ ਬੁੱਟਰ ਹੈੱਡਮਾਸਟਰ, ਹਰਵਿੰਦਰ ਧਾਲੀਵਾਲ ਆਦਿ ਨੇ ਆਪਣੇ ਆਪਣੇ ਕਲਾਮ ਪੇਸ਼ ਕੀਤੇ। ਅੰਤ ਵਿਚ ਪ੍ਰੋ ਸੁਰਜੀਤ ਸਿੰਘ ਕਾਉਂਕੇ ਨੇ ਸਾਰਿਆਂ ਦ ਧੰਨਵਾਦ ਕੀਤਾ।






# ਜੇ ਚੁੱਪ ਰਹਿ ਕੇ ਸਰਦਾ ਹੋਵੇ

-ਪ੍ਰਿੰਸੀਪਲ ਵਿਜੇ ਕੁਮਾਰ

ਸਾਡੀ ਹਉਮੈ ਨੇ ਸਾਡੀ ਸਹਿਣ ਸ਼ਕਤੀ ਦੇ ਸੈਲ ਕਮਜ਼ੋਰ ਕਰ ਦਿੱਤੇ ਹਨ। ਛੋਟੇ-ਛੋਟੇ ਮੁੱਦਿਆਂ ਨੂੰ ਲੈ ਕੇ ਅਸੀਂ ਸਿੰਙ ਭਿੜਾਉਣ ਲਈ ਤਿਆਰ ਹੋ ਜਾਂਦੇ ਹਾਂ। ਅਸੀਂ ਆਪ ਦੂਜਿਆਂ ਬਾਰੇ ਜੋ ਮਰਜ਼ੀ ਕਹਿ ਲਈਏ, ਜੇ ਕੋਈ ਸਾਨੂੰ ਰਤਾ ਮਾਸਾ ਕਹਿ ਦੇਵੇ ਤਾਂ ਸਾਨੂੰ ਉਦੋਂ ਤੱਕ ਚੈਨ ਨਹੀਂ ਆਉਂਦੀ, ਜਦੋਂ ਤੱਕ ਅਸੀਂ ਉਸ ਨੂੰ ਇੱਕ ਦੀਆਂ ਚਾਰ ਨਾ ਸੁਣਾ ਦੇਈਏ। ਗੱਲ ਵਧਦੀ ਵਧਦੀ ਬਹੁਤ ਵਧ ਜਾਂਦੀ ਹੈ। ਸਾਡੀ ਆਪਸੀ ਬੋਲਚਾਲ ਖਤਮ ਹੋ ਜਾਂਦੀ ਹੈ। ਕਈ ਵਾਰ ਨੌਬਤ ਤੂ-ਤੂ, ਮੈਂ-ਮੈਂ, ਪੰਚਾਇਤਾਂ, ਕਚਹਿਰੀਆਂ ਤੱਕ ਵੀ ਪਹੁੰਚ ਜਾਂਦੀ ਹੈ। ਆਂਢ-ਗੁਆਂਢ, ਜਾਣ ਪਛਾਣ ਦੇ ਲੋਕ ਇੱਕ ਦੀਆਂ ਤਿੰਨ ਬਣਾ ਕੇ ਉਮਰਾਂ ਤੱਕ ਬੋਲਚਾਲ ਬੰਦ ਕਰਵਾ ਦਿੰਦੇ ਹਨ। ਸਮਝਦਾਰ ਮਨੁੱਖ ਸਮਾਂ ਲੰਘਾਉਣ ਵਿੱਚ ਵਿਸ਼ਵਾਸ ਰਖਦੇ ਹਨ। ਅਜਿਹੇ ਮਨੁੱਖ ਉਹ ਗਲਤੀ ਖੁਦ ਨਹੀਂ ਕਰਦੇ, ਜਿਹੜੀ ਉਨ੍ਹਾਂ ਵਿਰੁੱਧ ਬੋਲਣ ਵਾਲੇ ਨੇ ਕੀਤੀ ਹੁੰਦੀ ਹੈ।

ਬੈਂਕ ਵਿੱਚ ਇੱਕ ਵਿਅਕਤੀ ਕਰਜ਼ ਲੈਣ ਲਈ ਆਇਆ। ਉਸ ਨੂੰ ਬੈਂਕ ਦੇ ਚੱਕਰ ਲਾਉਂਦਿਆਂ ਕਾਫੀ ਦਿਨ ਹੋ ਗਏ ਸਨ। ਬੈਂਕ ਮੈਨੇਜਰ ਉਸ ਦਾ ਕਰਜ਼ ਪਾਸ ਨਹੀਂ ਸੀ ਕਰ ਰਿਹਾ। ਇੱਕ ਦਿਨ ਉਹ ਬੈਂਕ ਮੈਨੇਜਰ ਨਾਲ ਕਾਫੀ ਔਖਾ ਭਾਰਾ ਹੋ ਗਿਆ। ਉਸ ਨੇ ਉਸ ਦੀ ਸ਼ਾਨ ਵਿਰੁੱਧ ਕਾਫੀ ਮੰਦੇ ਸ਼ਬਦ ਬੋਲ ਦਿੱਤੇ। ਬੈਂਕ ਮੈਨੇਜਰ ਆਪਣੀ ਕੁਰਸੀ ਤੋਂ ਉਠ ਕੇ ਬਾਹਰ ਚਲਾ ਗਿਆ। ਉਸ ਨੇ ਬੈਂਕ ਤੋਂ ਬਾਹਰ ਖੜ੍ਹੀ ਰੇਹੜੀ ਉਤੇ ਚਾਹ ਪੀਤੀ ਤੇ ਮੁੜ ਆਪਣੀ ਕੁਰਸੀ ਉਤੇ ਆ ਕੇ ਬਹਿ ਗਿਆ। ਉਸ ਨੇ ਕਰਜ਼ ਲੈਣ ਵਾਲੇ ਸੱਜਣ ਨੂੰ ਕਿਹਾ, 'ਭਰਾ ਜੀ, ਆਪ ਜੀ ਨੂੰ ਕਰਜ਼ਾ ਮੈਂ ਨਹੀਂ, ਬੈਂਕ ਨੇ ਦੇਣਾ ਹੈ। ਤੁਸੀਂ ਜਦੋਂ ਤੱਕ ਕਰਜ਼ ਦੀਆਂ ਸ਼ਰਤਾਂ ਪੂਰੀਆਂ ਨਹੀਂ ਕਰੋਗੇ, ਉਦੋਂ ਤੱਕ ਬੈਂਕ ਤੁਹਾਨੂੰ ਕਰਜ਼ ਨਹੀਂ ਦੇਵੇਗਾ। ਤੁਸੀਂ ਆਪਣੀ ਗਲਤੀ ਨਾਲ ਹੀ ਬੈਂਕ ਦੇ ਚੱਕਰ ਲਾ ਰਹੇ ਹੋ। ਤੁਸੀਂ ਬੈਂਕ ਦੀਆਂ ਸ਼ਰਤਾਂ ਪੂਰੀਆਂ ਕਰ ਦਿਓ, ਮੈਥੋਂ ਅੱਜ ਹੀ ਚੈੱਕ ਲੈ ਜਾਓ।''

ਵਿਅਕਤੀ ਦੇ ਜਾਣ ਤੋਂ ਬਾਅਦ ਮੈਂ ਬੈਂਕ ਮੈਨੇਜਰ ਨੂੰ ਸਵਾਲ ਕੀਤਾ, 'ਮੈਨੇਜਰ ਜੀ, ਇਹ ਗੱਲ ਤੁਸੀਂ ਪਹਿਲਾਂ ਵੀ ਕਹਿ ਸਕਦੇ ਸੀ। ਬਾਹਰ ਕਿਉਂ ਚਲੇ ਗਏ ਸੀ?' ਬੈਂਕ ਮੈਨੇਜਰ ਦਾ ਜਵਾਬ ਸੁਣਨ ਵਾਲਾ ਸੀ। ਉਸ ਨੇ ਕਿਹਾ, 'ਸਰ, ਉਸ ਦੇ ਗੁੱਸੇ ਸਾਹਮਣੇ ਮੇਰਾ ਚੁੱਪ ਰਹਿਣਾ ਬਿਹਤਰ ਸੀ। ਜੇ ਮੈਂ ਬਾਹਰ ਨਾ ਜਾਂਦਾ ਤਾਂ ਸਾਡੀ ਗੱਲ ਵੱਧ ਜਾਂਦ, ਜਿਸ ਦਾ ਨਤੀਜਾ ਕੁਝ ਵੀ ਹੋ ਸਕਦਾ ਸੀ। ਜਦੋਂ ਵੀ ਮੇਰਾ ਇਹੋ ਜਿਹੇ ਲੋਕਾਂ ਨੂੰ ਵਾਹ



ਪੈਂਦਾ ਹੈ, ਉਦੋਂ ਮੈਂ ਚੁੱਪ ਰਹਿ ਕੇ ਵਕਤ ਲੰਘਾ ਦਿੰਦਾ ਹਾਂ। ਵਕਤ ਟਲ ਜਾਂਦਾ ਹੈ। ਗੱਲ ਆਈ ਗਈ ਹੋ ਜਾਂਦੀ ਹੈ।'

ਕਿਸੇ ਦੀ ਜ਼ਿਆਦਤੀ, ਬੇਇਨਸਾਫੀ, ਹੈਂਕੜਬਾਜ਼ੀ ਅਤੇ ਦੂਸ਼ਣਬਾਜ਼ੀ ਨੂੰ ਕੁਝ ਸਮੇਂ ਤੱਕ ਬਰਦਾਸ਼ਤ ਕਰ ਕੇ ਉਸ ਪ੍ਰਤੀ ਚੁੱਪ ਰਹਿਣ ਵਿੱਚ ਹੀ ਭਲਾਈ ਹੁੰਦੀ ਹੈ। ਹੋ ਸਕਦੈ ਕਿ ਦੋਸ਼ੀ ਵਿਅਕਤੀ ਨੂੰ ਆਪਣੀ ਗਲਤੀ ਦਾ ਅਹਿਸਾਸ ਹੋ ਜਾਵੇ। ਉਸ ਦੇ ਵਰਤਾਉ ਵਿੱਚ ਸਮੇਂ ਨਾਲ ਬਦਲਾਅ ਆ ਜਾਵੇ। ਇਸੇ ਤਰ੍ਹਾਂ ਇੱਕ ਨੂੰਹ ਨੇ ਆਪਣੀ ਸੱਸ ਦੀ ਸਖਤੀ ਨੂੰ ਕਾਫੀ ਸਾਲਾਂ ਤੱਕ ਸਹਿਣ ਕੀਤਾ। ਸਮੇਂ ਨਾਲ ਸੱਸ ਦਾ ਉਸ ਪ੍ਰਤੀ ਵਰਤਾਉ ਬਦਲ ਗਿਆ। ਨੂੰਹ ਦੀ ਚੁੱਪ ਨੇ ਉਸ ਨੂੰ ਸਾਰੇ ਨਗਰ ਵਿੱਚ ਖਾਨਦਾਨੀ ਨੂੰਹ ਸਿੱਧ ਕਰ ਦਿੱਤਾ। ਸੱਸ ਆਂਢ ਗੁਆਂਢ ਨੂੰ ਕਹਿੰਦੀ ਫਿਰੇ ਕਿ ਅਜਿਹੀ ਨੂੰਹ ਘਰ-ਘਰ ਆਵੇ। ਜੇ ਨੂੰਹ ਵੀ ਸੱਸ ਦਾ ਮੁਕਾਬਲਾ ਕਰਨ ਲੱਗ ਪੈਂਦੀ ਤਾਂ ਪਰਵਾਰ ਵਿੱਚ ਮਹਾਂਭਾਰਤ ਸ਼ੁਰੂ ਹੋ ਜਾਣੀ ਸੀ।

ਸਾਊ, ਠੰਢੇ ਸੁਭਾਅ ਵਾਲੇ, ਬੜੇ ਦਿਲ ਵਾਲੇ, ਦੂਰ ਅੰਦੇਸ਼ੀ ਅਤੇ ਗੰਭੀਰ ਸੁਭਾਅ ਵਾਲੇ ਲੋਕ ਕਿਸੇ ਦੀਆਂ ਮੂਰਖਤਾ ਭਰੀਆਂ ਗੱਲਾਂ ਨੂੰ ਮੋੜਵਾਂ ਜਵਾਬ ਨਹੀਂ ਦਿੰਦੇ। ਉਨ੍ਹਾਂ ਨੂੰ ਚੁੱਪ ਰਹਿਣ ਵਿੱਚ ਆਪਣੀ ਬਿਹਤਰੀ ਲੱਗਦੀ ਹੈ। ਇੱਕ ਦਰਜਾ ਚਾਰ ਕਰਮਚਾਰੀ ਹਰ ਅਫਸਰ ਦੇ ਅੱਗੇ ਬੋਲ ਪੈਂਦਾ ਸੀ। ਕੋਈ ਉਸ ਦੇ ਮੂੰਹ ਨਹੀਂ ਸੀ ਲੱਗਦਾ। ਦਰਜਾ ਚਾਰ ਕਰਮਚਾਰੀ ਨੂੰ ਆਪਣੇ ਬਾਰੇ ਗਲਤ ਫਹਿਮੀ ਸੀ ਕਿ ਅਫਸਰ ਉਸ ਦੇ ਭੈੜੇ ਵਰਤਾਉ ਕਾਰਨ ਡਰਦੇ ਹਨ, ਪਰ ਇੱਕ ਸਮਾਂ ਆਇਆ ਕਿ ਇੱਕ ਪਹੁੰਚ ਵਾਲੇ ਅਧਿਕਾਰੀ ਨੇ ਉਸ ਦੀ ਬਦਲੀ ਏਨੀ ਦੂਰ ਕਰਵਾਈ ਕਿ ਉਹ ਉੱਚੀ ਬੋਲਣਾ ਹੀ ਭੁੱਲ ਗਿਆ।

ਚੁੱਪ ਦੀ ਆਪਣੀ ਪਰਿਭਾਸ਼ਾ ਹੁੰਦੀ ਹੈ। ਲੜਾਕਾ ਤੇ ਪੰਗੇਬਾਜ਼ ਵਿਅਕਤੀ ਉੱਚੀ ਉੱਚੀ ਅਤੇ ਬਦਤਮੀਜ਼ੀ ਨਾਲ ਬੋਲ ਕੇ ਆਪਣਾ ਪ੍ਰਭਾਵ ਗਵਾ ਦਿੰਦਾ ਹੈ। ਚੁੱਪ ਰਹਿ ਕੇ ਬਰਦਾਸ਼ਤ ਕਰਨ ਵਾਲੇ ਲੋਕ ਆਪਣੀ ਫਰਾਖਦਿਲੀ ਸਿੱਧ ਕਰ ਦਿੰਦੇ ਹਨ। ਚੁੱਪ ਦੀ ਬਾਦਸ਼ਾਹਤ ਨੂੰ ਸਲਾਮਹ ਕਰਦੇ ਹਨ। ਉਸ ਦੀ ਦਾਦ ਦਿੱਤੀ ਜਾਂਦੀ ਹੈ। ਉਸ ਦੀਆਂ ਉਦਾਹਰਣਾਂ ਦਿੰਦੇ ਹਨ। ਮੇਰੇ ਪਿੰਡ ਵਿੱਚ ਇੱਕ ਅਜਿਹਾ ਪਰਵਾਰ ਸੀ ਜਿਸ ਦੇ ਬਜ਼ੁਰਗ ਨੇ ਕਿਸੇ ਨਾਲ ਜ਼ਿੰਦਗੀ ਵਿੱਚ ਉਚੀ ਬੋਲ ਕੇ ਨਹੀਂ ਵੇਖਿਆ ਸੀ। ਲੋਕ ਉਸ ਦੀ ਨਿਮਰਤਾ, ਚੁੱਪ ਅਤੇ ਇਨਸਾਨੀਅਤ ਦੀ ਸ਼ਲਾਘਾ ਕਰਦੇ ਸਨ, ਪਰ ਉਸ ਦੇ ਪੁੱਤਰਾਂ ਨੇ ਆਂਢ-ਗੁਆਂਢ ਵਿੱਚ ਕੋਈ ਅਜਿਹਾ ਘਰ ਨਹੀਂ ਛੱਡਿਆ ਜਿਸ ਨਾਲ ਵਿਗਾੜੀ ਨਾ ਹੋਵੇ। ਪਿੰਡ ਦੇ ਲੋਕ ਉਸ ਬਜ਼ੁਰਗ ਦੀ ਮੌਤ ਤੋਂ ਬਾਅਦ ਵੀ ਇਹ ਕਹਿੰਦੇ ਕਿ ਬਜ਼ੁਰਗ ਤਾਂ ਨਿਰਾ ਦੇਵਤਾ ਸੀ, ਪੁੱਤਰਾਂ ਨੇ ਉਸ ਦਾ ਨਾਂਅ ਹੀ ਬਦਨਾਮ ਕਰ ਦਿੱਤੈ। ਸਾਡੇ ਗੁੱਸੇ ਦਾ ਤਾਪਮਾਨ ਵਧਣ ਲੱਗਿਆਂ ਦੇਰ ਨਹੀਂ ਲੱਗਦੀ। ਬਦਲਾ ਲੈਣ, ਮੋੜਵਾਂ ਜਵਾਬ ਦੇਣ ਤੇ ਇੱਕ ਦੀਆਂ ਦੋ ਸੁਣਾਉਣ ਵਿੱਚ ਲੋਕਾਂ ਦਾ ਵਿਸ਼ਵਾਸ ਵਧਦਾ ਜਾ ਰਿਹਾ ਹੈ। ਮੈਨੂੰ ਇੱਕ ਸੂਝਵਾਨ ਵਿਅਕਤੀ ਦੀ ਗੱਲ ਅਕਸਰ ਯਾਦ ਆਉਂਦੀ ਹੈ ਕਿ ਜਿੱਥੇ ਪੜ੍ਹੇ ਲਿਖੇ ਲੋਕਾਂ ਦੀ ਗਿਣਤੀ ਵਿੱਚ ਬੇਤਹਾਸ਼ਾ ਵਾਧਾ ਹੋਇਆ ਹੈ, ਉਥੇ ਹੀ ਦੂਜੇ ਪਾਸੇ ਜ਼ਿੰਦਗੀ ਜਿਊਣ ਦੇ ਸਲੀਕੇ ਤੋਂ ਵਿਹੂਣੇ ਹੁੰਦੇ ਜਦਾ ਰਹੇ ਲੋਕਾਂ ਦੀ ਗਿਣਤੀ ਵਿੱਚ ਵੀ ਚੋਖਾ ਵਾਧਾ ਹੋਇਆ ਹੈ।

# ਈਸ਼ਵਰ ਦੇ ਅਰਥ ਅਤੇ ਆਚਾਰੀਆ

-ਕੁਲਦੀਪ ਸਿੰਘ ਧਨੌਲਾ-

ਆਏ ਦਿਨ ਮੁਲਕ ਦੇ ਨੇਤਾਵਾਂ ਤੇ ਅਫਸਰਾਂ ਦੇ ਘਪਲਿਆਂ ਕਾਰਨ ਹਰ ਪਾਸੇ ਹਾਹਾਕਾਰ ਮੱਚੀ ਹੋਈ ਹੈ ਜਿਸ ਕਰਕੇ ਉਤਰ ਪ੍ਰਦੇਸ਼ ਦੇ ਇਕ ਸੰਤ ਸ਼ਰਧਾਨੰਦ ਯੋਗ ਅਚਾਰੀਆ ਦਾ ਭਗਤੀ ਕਰਦੇ ਹੋਏ ਦਾ ਮਨ ਪੂਰੀ ਤਰ੍ਹਾਂ ਉਚਾਟ ਹੋ ਗਿਆ। ਬੇਚੈਨੀ ਹੱਦ ਤੋਂ ਜ਼ਿਆਦਾ ਵਧਣ ਤੋਂ ਬਾਅਦ ਉਹ ਈਸ਼ਵਰ ਅਤੇ ਸੱਚ ਦੀ ਖੋਜ ਵਿੱਚ ਜੁਟ ਗਿਆ, ਲੇਕਿਨ ਰਾਸ਼ਟਰਪਤੀ ਭਵਨ ਅਤੇ ਗ੍ਰਹਿ, ਕਾਨੂੰਨ ਤੇ ਸੂਚਨਾ ਮੰਤਰਾਲਿਆਂ ਤੋਂ ਉਸ ਨੂੰ ਜੋ ਜਵਾਬ ਇਸ ਸਿਲਸਿਲੇ ਵਿੱਚ ਮਿਲੇ ਹਨ, ਉਹ ਉਹਦੀ ਤਸੱਲੀ ਨਹੀਂ ਕਰਵਾ ਸਕੇ। ਪਹਿਲੀ ਅਰਜ਼ੀ ਉਹਨੇ ਰਾਸ਼ਟਰਪਤੀ ਭਵਨ ਨੂੰ ਲਿਖੀ ਸੀ, ਜਿਸ ਵਿੱਚ ਲਿਖਿਆ ਸੀ, 'ਜਿਸ ਈਸ਼ਵਰ ਦੇ ਨਾਂ ਉਤੇ ਅਹੁਦੇ ਦੀ ਸਹੁੰ ਚੁਕਾਈ ਜਾਂਦੀ ਹੈ, ਉਹ ਕੌਣ ਹੈ, ਕਿੱਥੇ ਰਹਿੰਦਾ ਹੈ, ਕਿਹੜੇ ਵੇਲੇ ਮਿਲਦਾ ਹੈ?' ਉਸ ਨੂੰ ਬੱਸ ਕੋਰਾ ਜਵਾਬ ਮਿਲਿਆ ਕਿ 'ਇਹ ਜਾਣਕਾਰੀ ਸਾਡੇ ਅਧਿਕਾਰ ਖੇਤਰ ਤੋਂ ਬਾਹਰ ਹੈ।'

ਈਸ਼ਵਰ ਦੀ ਖੋਜ ਵਿੱਚ ਤਰਲੋਮੱਛੀ ਹੋਏ ਅਚਾਰੀਆ ਦੀ ਦੂਜੀ ਅਰਜ਼ੀ ਗ੍ਰਹਿ ਮੰਤਰਾਲੇ ਕੋਲ ਪਹੁੰਚਦੀ ਹੈ, ਜਿਥੋਂ ਕਾਨੂੰਨ ਮੰਤਰਾਲੇ ਦੇ ਪਾਲੇ ਵਿੱਚ ਸੁੱਟ ਦਿੱਤੀ ਜਾਂਦੀ ਹੈ। ਕਾਨੂੰਨ ਮੰਤਰਾਲੇ ਨੇ 'ਸੋ ਹੱਥ ਰੱਸਾ, ਸਿਰੇ ਗੰਢ' ਵਾਲੀ ਕਹਾਵਤ ਵਾਂਗ ਗੱਲ ਸਿਰੇ ਲਾਉਂਦਿਆਂ ਕਿਹਾ, 'ਫਾਈਲਾਂ ਵਿੱਚ ਇਸ ਦੀ ਕੋਈ ਪਰਿਭਾਸ਼ਾ ਨਹੀਂ ਹੈ, ਇਸ ਲਈ ਇਸ ਬਾਰੇ ਕੋਈ ਸੂਚਨਾ ਨਹੀਂ ਦਿੱਤੀ ਜਾ ਸਕਦੀ'। ਅਚਾਰੀਆ ਦੀ ਭਾਲ ਅਜੇ ਪੂਰੀ ਨਹੀਂ ਹੋਈ। ਉਹ ਕੇਂਦਰੀ ਸੂਚਨਾ ਕਮਿਸ਼ਨ ਦੀ ਪਨਾਹ ਲੈਂਦਾ ਹੈ। ਇਹ ਵੱਖਰੀ ਗੱਲ ਹੈ ਕਿ ਗੱਲ ਫਿਰ ਵੀ ਨਾ ਬਣੀ ਤੇ ਉਸ ਦੀ ਤਸੱਲੀ ਨਹੀਂ ਹੋ ਸਕੀ। ਯੋਗ ਅਚਾਰੀਆ ਇਸ ਗੱਲੋਂ ਰਤਾ ਔਖਾ ਹੈ ਕਿ ਸਰਕਾਰੀ ਅਫਸਰ ਉਹਨੂੰ ਈਸ਼ਵਰ ਬਾਰੇ ਕੁਝ ਦੱਸ ਕਿਉਂ ਨਹੀਂ ਰਹੇ। ਇਸੇ ਆਧਾਰ ਉਤੇ ਉਹ ਕਮਿਸ਼ਨ ਨੂੰ ਅਜਿਹੇ ਅਫਸਰਾਂ ਉਤੇ 25000 ਰੁਪਏ ਜੁਰਮਾਨਾ ਲਾਉਣ ਦੀ ਮੰਗ ਕਰਦਾ ਹੈ ਤਾਂ ਅਫਸਰ ਉਸ ਦੇ ਸਾਹ-ਮਣੇ ਵੀਡੀਓ ਕਾਨਫਰੰਸ ਰਾਹੀਂ 'ਪ੍ਰਗਟ' ਹੋ ਜਾਂਦੇ ਹਨ। ਇਹ ਅਫਸਰ ਅਚਾਰੀਆ ਨੂੰ ਸਮਝਾਉਣ ਦੀ ਕੋਸ਼ਿਸ਼ ਕਰਦੇ ਹਨ ਕਿ ਇਸ ਦੀ ਸੂਚਨਾ ਫਾਈਲਾਂ ਵਿੱਚ ਹੋਵੇ, ਉਥੋਂ ਹੀ ਮਿਲ ਸਕੇਗੀ? ਸਾਹਮਣੇ ਸੂਚਨਾ ਕਮਿਸ਼ਨਰ ਬੈਠੇ ਹਨ। ਅਚਾਰੀਆ ਲੱਗਦੇ ਹੱਥ ਉਨ੍ਹਾਂ ਨੂੰ ਮੁਖਾਤਿਬ ਹੋ ਗਏ, ਪਰ ਉਹ ਵੀ ਉਨ੍ਹਾਂ ਦਾ ਹਨੇਰਾ ਦੂਰ ਨਹੀਂ ਕਰ ਸਕੇ, ਸਿਰਫ ਇੰਨਾ ਹੀ ਬੋਲੇ, 'ਬਹੁਤ ਸਮਾਂ ਬਰਬਾਦ ਹੋ ਗਿਆ ਹੈ ਭਾਈ, ਤੁਸੀਂ ਗਿਆਨ ਅਤੇ ਸੂਚਨਾ ਵਿੱਚ ਫਰਕ ਵੀ ਨਹੀਂ ਸਮਝ ਰਹੇ। ਅਜਿਹੇ ਸਵਾਲਾਂ ਨਾਲ ਸਮਾਜ ਦਾ ਕੋਈ ਭਲਾ ਨਹੀਂ ਹੋਣਾ।'

ਜਦੋਂ ਇਸ ਸਵਾਲ ਉੱਤੇ ਅਚਾਰੀਆ ਦੀ ਤਸੱਲੀ ਨਹੀਂ ਹੋਈ ਤਾਂ ਉਨ੍ਹਾਂ ਰਾਸ਼ਟਰੀ ਚਿੰਨ੍ਹ ਹੇਠ ਲਿਖੇ 'ਸਤਿਆਮੇਵ ਜਯਤੇ' ਦੇ ਅਰਥ ਬਾਰੇ ਪੁੱਛ ਲਿਆ। ਸਰਕਾਰ ਜਾਂ ਇਸ ਦੇ ਕਿਸੇ ਨੁਮਾਇੰਦੇ ਵੱਲੋਂ ਇਸ ਸਵਾਲ ਦਾ ਵੀ ਤਸੱਲੀ ਬਖਸ਼ ਜਵਾਬ ਨਹੀਂ ਦਿੱਤਾ ਗਿਆ ਅਤੇ ਨਾ ਸੂਚਨਾ ਕਮਿਸ਼ਨ ਵੱਲੋਂ ਜਵਾਬ ਨਾ ਮਿਲਣ 'ਤੇ ਉਹਦੀ ਝੋਲੀ 25000 ਰੁਪਏ ਪਾਏ ਗਏ। ਅਚਾਰੀਆ ਦੀ ਸਰਗਰਮੀ ਇਸ ਸਵਾਲ ਨੂੰ ਜਨਮ ਦਿੰਦੀ ਹੈ ਕਿ ਸਰਕਾਰਾਂ ਬਣਾਉਣ ਵੇਲੇ ਕਿੰਨਾ ਪੈਸਾ ਸਹੁੰ ਚੁੱਕ ਸਮਾਗਮਾਂ 'ਤੇ ਰੋੜ੍ਹਿਆ ਜਾਂਦਾ ਹੈ। ਯੋਗ ਅਚਾਰੀਆ ਸੱਚਾ ਸੰਤ ਜਾਪਦਾ ਹੈ ਜਿਹੜਾ ਸਿਆਸਤਦਾਨਾਂ ਦੀਆਂ ਹਲਫਦਾਰੀਆਂ ਬਾਰੇ ਜਾਣਕਾਰੀ ਮੰਗਦਾ ਫਿਰਦਾ ਹੈ, ਉਹ ਨਹੀਂ ਜਾਣਦਾ ਕਿ ਨੇਤਾ ਦੀ ਖਾਧੀ ਸਹੁੰ ਪਾਣੀ ਉਤੇ ਲਕੀਰ ਬਰਾਬਰ ਹੁੰਦੀ ਹੈ।

ਦੂਰ ਜਾਣ ਦੀ ਲੋੜ ਨਹੀਂ, ਸਾਲ ਪਹਿਲਾਂ ਹੋਈਆਂ ਪੰਜਾਬ ਵਿਧਾਨ ਸਭਾ ਦੀਆਂ ਚੋਣਾਂ ਦੌਰਾਨ ਕੈਪਟਨ ਅਮਰਿੰਦਰ ਸਿੰਘ ਨੇ ਗੁਟਕੇ ਉਤੇ ਹੱਥ ਰੱਖ ਕੇ ਸਹੁੰ ਖਾਧੀ ਕਿ ਚਾਰ ਹਫਤਿਆਂ ਵਿੱਚ ਪੰਜਾਬ ਵਿੱਚੋਂ ਨਸ਼ਾ ਖਤਮ ਕਰ ਦੇਣਾ ਹੈ। ਇਸ ਪਿੱਛੋਂ ਉਹ ਸਰਕਾਰ ਬਣਾਉਣ ਵਿੱਚ ਕਾਮਯਾਬ ਹੋ ਗਏ, ਪਰ ਨਸ਼ੇ ਅਜੇ ਤੱਕ ਖਤਮ ਨਹੀਂ ਹੋਏ। ਬੀਤੇ ਦਿਨੀਂ ਕਰਨ-ਾਟਕ ਦੇ ਮੁੱਖ ਮੰਤਰੀ ਨੇ ਹਲਫ ਲਿਆ ਹੈ। ਇਸ ਸਮਾਗਮ ਵਿੱਚ 11 ਪਾਰਟੀਆਂ ਸ਼ਾਮਲ ਹੋਈਆਂ, ਜਿਨ੍ਹਾਂ ਵਿੱਚ ਇਕ ਸਾਬਕਾ ਪ੍ਰਧਾਨ ਮੰਤਰੀ, ਪੰਜ ਮੁੱਖ ਮੰਤਰੀ, ਪੰਜ ਸਾਬਕਾ ਮੁੱਖ ਮੰਤਰੀ ਅਤੇ ਚਾਰ ਪਾਰਲੀਮੈਂਟ ਮੈਂਬਰ ਹਾਜ਼ਰ ਸਨ। ਇਹ ਸਾਰੇ ਹੀ ਸਰਕਾਰੀ ਖਰਚੇ ਉਤੇ ਆਏ। ਇਉਂ ਇਨ੍ਹਾਂ ਦੇ ਆਉਣ ਜਾਣ ਉੱਤੇ ਲੱਖਾਂ ਰੁਪਏ ਉਡਾ ਦਿੱਤੇ ਗਏ। ਇੰਨੇ ਵੱਡੇ-ਵੱਡੇ ਇਕੱਠ ਕਰਕੇ ਸਰਕਾਰੀ ਭੇਤ ਗੁਪਤ ਰੱਖਣ ਦਾ ਹਲਫ ਲਿਆ ਜਾਂਦਾ ਹੈ, ਫਿਰ ਵੀ ਕਰੋੜਾਂ ਦੇ ਘਪਲੇ ਹੋਈ ਜਾ ਰਹੇ ਹਨ , ਪਰ ਅਚਾਰੀਆ ਅਜੇ ਵੀ ਆਪਣੇ ਸਵਾਲਾਂ ਨਾਲ ਸਰਕਾਰ ਅਤੇ ਸਰਕਾਰੀ ਅਦਾਰਿਆਂ ਦਾ ਕੁੰਡਾ ਖੜਕਾ ਰਹੇ ਹਨ।

# ਮਿੰਨੀ ਕਹਾਣੀਆਂ

## ਲੱਡੂ

-ਮੁਰਾਰੀ ਗੁਪਤਾ

ਹਸਪਤਾਲ ਦੇ ਕੰਪਲੈਕਸ ਵਿੱਚ ਬਿਸਤਰਿਆਂ 'ਤੇ ਪਏ ਕੈਂਸਰ ਦੇ ਮਰੀਜ਼ਾਂ 'ਚ ਖੁਸ਼ੀ ਦਾ ਮਾਹੌਲ ਸੀ। ਇੱਕ ਬਜ਼ੁਰਗ ਕੈਂਸਰ ਦੇ ਮਰੀਜ਼ ਦਾ ਮੁੰਡਾ ਇੱਕ ਵੱਡੇ ਡੱਬੇ 'ਚੋਂ ਸਾਰਿਆਂ ਨੂੰ ਲੱਡੂ ਵੰਡ ਰਿਹਾ ਸੀ। ਇੱਕ ਬਜ਼ੁਰਗ ਮਰੀਜ਼ ਨੇ ਪੁੱਛਿਆ, ''ਕੀ ਤੁਹਾਡੇ ਪਿਤਾ ਜੀ ਨੂੰ ਹਸਪਤਾਲ ਤੋਂ ਛੁੱਟੀ ਮਿਲ ਗਈ ਬੇਟਾ?''

ਮਰੀਜ਼ ਦੇ ਬੇਟੇ ਨੇ ਡੱਬੇ 'ਚੋਂ ਇੱਕ ਹੋਰ ਲੱਡੂ ਉਸ ਬਜ਼ੁਰਗ ਨੂੰ ਦਿੰਦੇ ਹੋਏ ਮੁਸਕਰਾਉਂਦੇ ਹੋਏ ਕਿਹਾ, 'ਨਹੀਂ ਅੰਕਲ, ਸ਼ਾਇਦ ਕੱਲ੍ਹ ਤੋਂ ਪਿਤਾ ਜੀ ਦਾ ਇਲਾਜ ਸ਼ੁਰੂ ਹੋ ਜਾਏ। ਡਾਕਟਰ ਸਾਹਿਬ ਨੇ ਸਾਭ ਲਈ ਮਠਿਆਈ ਭਿਜਵਾਈ ਤੇ ਕਹਿ ਰਹੇ ਸਨ ਕਿ ਰਾਤ ਸਰਕਾਰ ਨਾਲ ਉਨ੍ਹਾਂ ਦੀ ਗੱਲ ਹੋ ਗਈ। ਸਾਰੇ ਡਾਕਟਰ ਪਰਤ ਆਏ ਹਨ। ਡਾਕਟਰ ਸਾਹਿਬ ਕਹਿ ਰਹੇ ਸਨ, ਜੋ ਮਰ ਗਏ, ਉਨ੍ਹਾਂ ਨੂੰ ਛੱਡੋ, ਪਰ ਅੱਗੇ ਤੋਂ ਕਿਸੇ ਵੀ ਮਰੀਜ਼ ਨੂੰ ਮਰਨ ਨਹੀਂ ਦਿੱਤਾ ਜਾਏਗਾ।''

ਜੀਵਨ ਦੇ ਆਖਰੀ ਪੜਾਅ 'ਚ ਜਿਊਣ ਦੀ ਉਮੀਦ 'ਚ ਪਏ ਕੈਂਸਰ ਦੇ ਮਰੀਜ਼ਾਂ ਦਾ ਚਿਹਰਾ ਖਿੜ ਉਠਿਆ।

***************************

## ਵੰਡ

-ਸੰਦੀਪ ਤੋਮਰ

ਮਾਂ ਦੇ ਸਸਕਾਰ 'ਤੇ ਤਿੰਨ ਭਰਾਵਾਂ ਨੇ ਸਾਰੀ ਜਾਇਦਾਦ ਦੀ ਵੰਡਣ ਦਾ ਫੈਸਲਾ ਕੀਤਾ ਤਾਂ ਕਿ ਕਿਸੇ ਗਲਤਫਹਿਮੀ ਜਾਂ ਝਗੜੇ ਦੀ ਗੁੰਜਾਇਸ਼ ਨਾ ਰਹੇ। ਤਿੰਨੋਂ ਹੀ ਬੇਟਿਆਂ ਦੀ ਮਾਂ ਪ੍ਰਤੀ ਅਟੁੱਟ ਸ਼ਰਧਾ ਸਾਹਮਣੇ ਆਈ।

ਵੱਡੇ ਬੇਟੇ ਨੂੰ ਸਵਰਗੀ ਮਾਂ ਨੂੰ ਸੰਬੋਧਤ ਕੀਤਾ, ''ਮਾਂ ਤੂੰ ਹਮੇਸ਼ਾ ਖਰਚ ਲਈ ਪਿਤਾ ਜੀ ਤੋਂ ਲੁਕੋ ਕੇ ਪੈਸੇ ਦਿੰਦੀ ਸੀ। ਤੂੰ ਤਾਂ ਜਾਣਦੀ ਹੈਂ ਕਿ ਮੈਨੂੰ ਪੈਸਿਆਂ ਨਾਲ ਕਿੰਨਾ ਲਗਾਅ ਹੈ। ਤੇਰੇ ਬੈਂਕ ਦੇ ਪੈਸਿਆਂ 'ਤੇ ਤਾਂ ਮੇਰਾ ਹੀ ਹੱਕ ਹੈ।''

ਵਿਚਕਾਰਲੇ ਬੇਟੇ ਨੇ ਦਲੀਲ ਦਿੱਤੀ, ''ਮਾਂ ਤੂੰ ਤਾਂ ਜਾਣਦੀ ਹੈ ਮੈਨੂੰ ਸੋਨੇ ਨਾਲ ਕਿੰਨਾ ਪਿਆਰ ਹੈ। ਤੂੰ ਸਾਰਿਆਂ ਤੋਂ ਲੁਕੋ ਕੇ ਮੇਰੇ ਲਈ ਅੰਗੂਠੀ, ਚੇਨ ਬਣਵਾ ਦਿੰਦੀ ਸੀ। ਤੇਰੇ ਗਹਿਣਿਆਂ 'ਤੇ ਤਾਂ ਮੇਰਾ ਹੀ ਹੱਕ ਹੋਇਆ।''

ਸਭ ਤੋਂ ਛੋਟੇ ਬੇਟੇ ਦੀ ਵਾਰੀ ਆਈ ਤਾਂ ਉਸ ਨੇ ਦੇਖਿਆ ਕਿ ਉਸ ਦੀਆਂ ਅੱਖਾਂ ਸਾਹਮਣੇ ਮਾਂ ਦੀਆਂ ਅਸਥੀਆਂ ਦਾ ਕਲਸ਼ ਰੱਖਿਆ ਸੀ। ਉਸ ਨੇ ਕਲਸ਼ ਚੁੱਕਿਆ ਤੇ ਬੁੜਬੁੜਾਉਂਦੇ ਹੋਏ ਆਪਣੇ ਕਮਰੇ ਵੱਲ ਵਧ ਗਿਆ। ਦੋਵਾਂ ਵੱਡੇ ਭਰਾਵਾਂ ਦੇ ਕੰਨਾਂ 'ਚ ਛੋਟੇ ਭਰਾ ਦੇ ਸ਼ਬਦ ਪਏ, ''ਮਾਂ ਤੇਰੀਆਂ ਅਸਥੀਆਂ ਮੇਰੇ ਲਈ ਤੇਰੇ ਸਿਧਾਂਤਾਂ ਦੀ ਨਿਸ਼ਾਨੀ ਹੈ। ਇਹ ਕਲਸ਼ ਮੈਨੂੰ ਪਲ-ਪਲ ਮਜ਼ਬੂਤੀ ਦਿੰਦਾ ਰਹੇ, ਅਜਿਹਾ ਅਸ਼ੀਰਵਾਦ ਦੇਣਾ।''

***************************

## ਜਾਤ ਪਾਤ

-ਜਸਵੰਤ ਸਿੰਘ ਲਖਣਪੁਰੀ

ਜੀਤਾ ਅਤੇ ਮੀਤਾ ਇੱਕੋ ਪਿੰਡ ਦੇ ਦੋ ਫੌਜੀ ਸਨ। ਜੀਤਾ ਨੀਵੀਂ ਜਾਤ ਦਾ ਸੀ ਅਤੇ ਮੀਤਾ ਉਚੀ ਜਾਤ ਦਾ। ਦੋਵੇਂ ਇਕੱਠੇ ਪੜ੍ਹੇ, ਇਕੱਠੇ ਭਰਤੀ ਹੋਏ, ਇਕੱਠਿਆਂ ਦੀ ਡਿਊਟੀ ਵੀ ਇੱਕੋ ਥਾਂ ਤੇ ਸੀ ਅਤੇ ਦੋਵੇਂ ਜੰਗ ਵਿੱਚ ਲੜ ਵੀ ਇਕੱਠੇ ਰਹੇ ਸਨ। ਤਾੜ-ਤਾੜ ਚਲਦੀਆਂ ਗੋਲੀਆਂ ਵੇਖ ਕੇ ਮੀਤਾ ਕਹਿੰਦਾ, 'ਯਾਰ, ਇਕੱਠੇ ਪੜ੍ਹੇ, ਇਕੱਠੇ ਡਿਊਟੀ ਕੀਤੀ ਅਤੇ ਲੱਗਦੈ ਇਕੱਠੇ ਹੀ ਸ਼ਹੀਦ ਹੋਵਾਂਗੇ।'

ਜੀਤਾ ਹੱਸ ਕੇ ਬੋਲਿਆ, ''ਸਭ ਕੁਝ ਇਕੱਠੇ ਕਰ ਲਵਾਂਗੇ, ਪਰ ਜੇ ਸ਼ਹੀਦ ਹੋ ਗਏ, ਇਕੱਠੇ ਅਗਨ ਭੇਟ ਨਹੀਂ ਹੋਵਾਂਗੇ।''

ਇਹ ਸੁਣ ਕੇ ਮੀਤਾ ਸੋਚੀਂ ਪੈ ਗਿਆ ਕਿ ਸੱਚਮੁੱਚ ਜਾਤ-ਪਾਤ ਦੇ ਆਧਰ 'ਤੇ ਬਣੇ ਸਿਵੇ ਸਾਨੂੰ ਵੱਖ-ਵੱਖ ਹੀ ਕਰਨਗੇ, ਬੇਸ਼ੱਕ ਅਸੀਂ ਸ਼ਹੀਦ ਹੀ ਕਿਉਂ ਨਾ ਹੋ ਜਾਈਏ।

***************************

## ਫੈਸ਼ਨ

-ਜਾਨਵੀ ਬਿੱਠਲ

ਸਲਵਾਰ ਸੂਟ ਬਸਤੇ 'ਚ ਪਾ ਮੈਂ ਆਪਣੀ ਭਾਣਜੀ ਦੇ ਵਿਆਹ ਜਾਣ ਲਈ ਤਿਆਰ ਹੋ ਗਈ। ਅਸੀਂ ਬੱਸ ਫੜ ਕੇ ਸ਼ਹਿਰ ਵੱਲ ਵਿਆਹ ਲਈ ਤੁਰ ਪਏ। ਵਿਆਹ ਵਾਲੇ ਘਰ ਪਹੁੰਚੇ ਸੀ ਕਿ ਸਾਰਿਆਂ ਨੇ ਇਕੋ ਰੰਗ ਦੇ ਕੱਪੜੇ ਹੱਥਾਂ ਵਿੱਚ ਫੜੇ ਹੋਏ ਸਨ। ਇਉਂ ਲੱਗਦਾ ਸੀ ਜਿਵੇਂ ਸਾਰਿਆਂ ਦੇ ਕੱਪੜੇ ਇਕ ਦੂਜੇ ਨਾਲ ਮਿਲਦੇ ਹੋਣ। ਏਨੇ ਨੂੰ ਪਿੱਛੋਂ ਮੇਰੀ ਭਾਣਜੀ ਆਈ, 'ਨਮਸਤੇ ਮਾਸੀ ਜੀ..! ਤਿਆਰ ਹੋ ਜੋ ਪੀਲੇ ਰੰਗ ਦੀ ਡਰੈਸ ਪਾ ਕੇ।'

ਮੈਂ ਸੋਚਾਂ ਵਿੱਚ ਪੈ ਗਈ ਕਿ ਪੀਲੇ ਰੰਗ ਦੇ ਕੱਪੜੇ ਕਿਉਂ ਪਾਉਣੇ ਨੇ। ਇਸ ਤੋਂ ਪਹਿਲਾਂ ਕਿ ਤਿਆਰ ਹੋ ਕੇ ਆਉਂਦੀ ਆਪਣੀ ਭਾਣਜੀ ਨੂੰ ਪੁੱਛਿਆ, 'ਪੁੱਤਰ..ਆਹ! ਪੀਲੇ ਰੰਗ ਦੀ ਡਰੈਸ ਪਾਉਣੀ ਜ਼ਰੂਰੀ ਹੈ?'

'ਹਾਂ ਜੀ ਮਾਸੀ ਜੀ..! ਤੁਹਾਨੂੰ ਪਤਾ ਨਹੀਂ, ਇਹ ਅੱਜ ਕੱਲ੍ਹ ਦਾ ਫੈਸ਼ਨ ਹੈ ਕਿ ਕੁੜੀ ਜਿਸ ਰੰਗ ਤੇ ਜਿਸ ਤਰ੍ਹਾਂ ਦੀ ਡਰੈਸ ਪਾਵੇਗੀ, ਉਸੇ ਰੰਗ ਦੀ ਡਰੈਸ ਬਾਕੀ ਔਰਤਾਂ ਪਾਉਣਗੀਆਂ,' ਉਸ ਨੇ ਮੈਨੂੰ ਸਮਝਾਉਂਦਿਆਂ ਕਿਹਾ।

ਇਸ 'ਤੇ ਮੈਂ ਆਪਣੀ ਭੈਣ ਨੂੰ ਕਿਹਾ, 'ਨੀ ਪਰੀਤੋ..! ਮੇਰੇ ਕੋਲ ਤਾਂ ਆਹ ਪੀਲੇ ਰੰਗ ਦੀ ਡਰੈਸ ਹੈ ਨਹੀਂ। ਮੈਂ ਤਾਂ ਸਾਰੇ ਸੂਟ ਲੈ ਕੇ ਆਈ ਹਾਂ।'

ਉਹ ਬੋਲੀ, 'ਦੀਦਾ, ਜੀਜਾ ਜੀ ਤੋਂ ਮੰਗਵਾ ਲਓ..ਇਹ ਹੀ ਫੈਸ਼ਨ ਹੈ ਅੱਜ ਕੱਲ੍ਹ ਦੇ ਵਿਆਹਾਂ ਦਾ..!'

# ਹਰ ਥਾਂ ਪੱਖਪਾਤ ਦਾ ਸ਼ਿਕਾਰ ਹੈ ਆਮ ਨਾਗਰਿਕ

-ਲਕਸ਼ਮੀ ਕਾਂਤਾ ਚਾਵਲਾ

ਦੁਨੀਆ ਵਿੱਚ ਹਰ ਥਾਂ ਸੜਕ ਹਾਦਸੇ, ਅਪਰਾਧਕ ਘਟਨਾਵਾਂ, ਅੱਤਵਾਦ ਹਮਲੇ ਆਦਿ ਘਟਨਾਵਾਂ ਵਾਪਰਦੀਆਂ ਹਨ, ਪਰ ਇਉਂ ਜਾਪਦਾ ਹੈ ਕਿ ਭਾਰਤ ਵਿੱਚ ਜਿਹੜੇ ਲੋਕ ਇਨ੍ਹਾਂ ਘਟਨਾਵਾਂ ਦੇ ਸ਼ਿਕਾਰ ਹੁੰਦੇ ਹਨ, ਉਨ੍ਹਾਂ ਲਈ ਨਾ ਨਿਆਂ ਹੈ ਅਤੇ ਨਾ ਸਮਾਨਤਾ। ਸਮੇਂ ਦੇ ਹਾਕਮਾਂ ਦੀ ਰਾਜਸੀ ਮਜਬੂਰੀ ਤਹਿਤ ਜਾਂ ਕਦੇ-ਕਦੇ ਮਨੁੱਖਤਾ ਦੇ ਆਧਾਰ 'ਤੇ ਅਜਿਹੇ ਪਰਵਾਰਾਂ ਦੀ ਮਦਦ ਕੀਤੀ ਜਾਂਦੀ ਹੈ ਜਿਨ੍ਹਾਂ ਦੇ ਮੈਂਬਰ ਇਨ੍ਹਾਂ ਹਾਦਸਿਆਂ ਵਿੱਚ ਆਪਣੀ ਜਾਨ ਗੁਆ ਲੈਂਦੇ ਜਾਂ ਗੰਭੀਰ ਰੂਪ ਵਿੱਚ ਜ਼ਖਮੀ ਹੋ ਜਾਂਦੇ ਹਨ। ਬੀਤੇ ਦਿਨੀਂ ਬੰਗਾਲ ਦੀਆਂ ਪੰਚਾਇਤ ਚੋਣਾਂ ਵਿੱਚ ਹੋਈ ਭਾਰੀ ਹਿੰਸਾ ਦੌਰਾਨ ਕਈ ਲੋਕ ਮਾਰੇ ਗਏ ਤੇ ਜ਼ਖਮੀ ਹੋਏ। ਮਮਤਾ ਸਰਕਾਰ ਨੇ ਮ੍ਰਿਤਕਾਂ ਦੇ ਪਰਵਾਰਾਂ ਨੂੰ ਦੋ-ਦੋ ਲੱਖ ਰੁਪਏ ਮੁਆਵਜ਼ਾ ਦਿੱਤਾ। ਉਂਜ ਮੁਆਵਜ਼ਾ ਸ਼ਬਦ ਸਹੀ ਨਹੀਂ ਹੈ ਤੇ ਇਹ ਪੀੜਤ ਪਰਵਾਰਾਂ ਨਾਲ ਮਜ਼ਾਕ ਹੈ। ਇਸ ਤੋਂ ਪਹਿਲਾਂ ਉਤਰ ਪ੍ਰਦੇਸ ਦੇ ਕਾਸ਼ੀਪੁਰ ਵਿੱਚ ਜਦੋਂ ਮਾਨਵ ਰਹਿਤ ਰੇਲਵੇ ਫਾਟਕ 'ਤੇ ਸਕੂਲੀ ਬੱਚਿਆਂ ਦੀ ਵੈਨ ਹਾਦਸੇ ਦਾ ਸ਼ਿਕਾਰ ਹੋਈ ਤਾਂ ਜਲਦਬਾਜ਼ੀ ਵਿੱਚ ਮੁੱਖ ਮੰਤਰੀ ਨੇ ਹਰ ਪੀੜਤ ਪਰਵਾਰ ਨੂੰ ਦੋ-ਦੋ ਲੱਖ ਦੀ ਆਰਥਿਕ ਮਦਦ ਦੇਣ ਦਾ ਐਲਾਨ ਕਰਕੇ ਫਰਾਖਦਿਲੀ ਦਿਖਾਈ ਸੀ। ਆਪਾਂ ਅੱਗੇ ਵਧੀਏ। ਵਾਰਾਣਸੀ ਵਿੱਚ ਬਣਦਾ ਪਿਆ ਇੱਕ ਪੁਲ ਡਿੱਗ ਗਿਆ। ਮੁੱਖ ਮੰਤਰੀ ਨੇ ਪੰਜ-ਪੰਜ ਲੱਖ ਰੁਪਏ ਮ੍ਰਿਤਕਾਂ ਦੇ ਵਾਰਸਾਂ ਨੂੰ ਦੇਣ ਦਾ ਐਲਾਨ ਕੀਤਾ ਅਤੇ ਜ਼ਖਮੀਆਂ ਨੂੰ ਉਨ੍ਹਾਂ ਦੀ ਹਾਲਤ ਅਨੁਸਾਰ ਪੰਜਾਹ-ਪੰਜਾਹ ਹਜ਼ਾਰ ਰੁਪਏ ਦੇਣ ਦੀ ਗੱਲ ਕਹੀ। ਪਤਾ ਨਹੀਂ ਕਿ ਉਨ੍ਹਾਂ ਪਰਵਾਰਾਂ ਨੂੰ ਮੁਆਵਜ਼ਾ ਮਿਲਿਆ ਜਾਂ ਨਹੀਂ।

ਪੰਜਾਬ ਵਿੱਚ ਜਦੋਂ ਕਿਸੇ ਕਿਸਾਨ ਦੀ ਮੌਤ ਹੁੰਦੀ ਹੈ ਤਾਂ ਸਰਕਾਰ ਨੋਟਾਂ ਦੇ ਬੰਡਲ ਖੋਲ੍ਹਦੀ ਹੈ। ਸਵਾਲ ਇਹ ਹੈ ਕਿ ਜੇ ਮਰਨ ਨੂੰ ਮਜਬੂਰ ਹੋਏ ਵਿਅਕਤੀ ਦੇ ਪਰਵਾਰ ਨੂੰ ਮੁਆਵਜ਼ੇ ਵਜੋਂ ਪੈਸਾ ਵੰਡਣਾ ਹੈ ਤਾਂ ਪਹਿਲਾਂ ਕਿਉਂ ਨਹੀਂ ਵੰਡ ਦਿੱਤਾ ਜਾਂਦਾ। ਕੋਈ ਨਿਯਮ ਨਹੀਂ ਹੈ। ਸਮਾਂ, ਰਾਜਨੀਤਕ ਲੋੜ ਅਤੇ ਕਿੰਨਾ ਵੱਡਾ ਮੁਜ਼ਾਹਰਾ ਹੋ ਰਿਹਾ ਹੈ, ਇਸੇ ਆਧਾਰ 'ਤੇ ਵਿੱਤੀ ਮਦਦ ਦਿੱਤੀ ਜਾਂਦੀ ਹੈ। ਪੰਜਾਬ ਵਿੱਚ ਪਿਛਲੀ ਸਰਕਾਰ ਦੇ ਉਪ ਮੁੱਖ ਮੰਤਰੀ ਵੱਲੋਂ ਕਬੱਡੀ ਦੇ ਮੈਚ ਵਿੱਚ ਝਲਕ ਦਿਖਾ ਕੇ ਮੁਸਕਰਾ ਕੇ ਆਪਣੀਆਂ ਅਦਾਵਾਂ ਨਾਲ ਕੁਝ ਪਲ ਦਰਸ਼ਕਾਂ ਦਾ ਮਨੋਰੰਜਨ ਕਰਨ ਵਾਲੇ ਅਦਾਕਾਰਾਂ ਨੂੰ ਦੋ-ਦੋ ਕਰੋੜ ਰੁਪਏ ਦੇ ਦਿੱਤੇ ਸਨ। ਜੇ ਸੂਬੇ ਵਿੱਚ ਕਰਜ਼ੇ ਕਾਰਨ ਖੁਦਕੁਸ਼ੀ ਕਰਨ ਵਾਲਿਆਂ ਨੂੰ ਪਿਛਲੀ ਸਰਕਾਰ ਇਹ ਪੈਸੇ ਵੰਡ ਦਿੰਦੀ ਤਾਂ ਗਰੀਬਾਂ ਨੂੰ ਖੁਦਕੁਸ਼ੀ ਨਾ ਕਰਨੀ ਪੈਂਦੀ। ਸਰਹੱਦ 'ਤੇ ਸ਼ਹੀਦ ਹੋਣ ਵਾਲੇ ਅਨੇਕਾਂ ਫੌਜੀ ਜਵਾਨ, ਜਿਨ੍ਹਾਂ ਦੀਆਂ ਤਿਰੰਗੇ ਵਿੱਚ ਲਿਪਟੀਆਂ ਮ੍ਰਿਤਕ ਦੇਹਾਂ ਘਰੀਂ ਪੁੱਜਦੀਆਂ ਹਨ, ਉਨ੍ਹਾਂ ਦੇ ਵਾਰਸਾਂ ਨੂੰ ਅੱਜ ਤੱਕ ਕਦੇ ਕਰੋੜਾਂ ਰੁਪਏ ਦੇਣ ਦੀ ਕੋਈ ਖਬਰ ਸੁਣਨ ਨੂੰ ਨਹੀਂ ਮਿਲੀ। ਉਤਰ ਪ੍ਰਦੇਸ਼ ਵਿੱਚ ਇਕ ਵਕੀਲ ਨੂੰ ਗੁੰਡਿਆਂ ਨੇ ਮਾਰ ਦਿੱਤਾ। ਉਥੇ ਮੁੱਖ ਮੰਤਰੀ ਨੇ ਮ੍ਰਿਤਕ ਦੇ ਸਮਾਜਿਕ ਮਾਣ ਜਾਂ ਅਹੁਦੇ ਦੇ ਮੱਦੇਨਜ਼ਰ ਵੀਹ ਲੱਖ ਰੁਪਏ ਦੀ ਮਦਦ ਦਿੱਤੀ। ਦਿੱਲੀ ਵਿੱਚ ਵਾਪਰੇ ਇਕ ਹਾਦਸੇ ਵਿੱਚ ਮਰਨ ਵਾਲੇ ਦੇ ਵਾਰਸਾਂ ਨੂੰ ਮੁੱਖ ਮੰਤਰੀ ਕੇਜਰੀਵਾਲ ਨੇ ਇਕ ਕਰੋੜ ਰੁਪਏ ਦਿੱਤੇ ਸਨ।

ਜੰਮੂ ਕਸ਼ਮੀਰ ਵਿੱਚ ਅੱਤਵਾਦ ਦੇ ਬੱਦਲ ਛਾਏ ਹੋਏ ਹਨ। ਫੌਜ ਨੇ ਸਰਕਾਰੀ ਹੁਕਮਾਂ ਅਨੁਸਾਰ ਆਲ ਆਊਟ ਦਾ ਫੈਸਲਾ ਲਿਆ, ਜਿਸ ਅਨੁਸਾਰ ਕੋਈ ਅੱਤਵਾਦੀ ਜਾਂ ਦੇਸ਼ ਦਾ ਦੁਸ਼ਮਣ ਹਥਿਆਰਾਂ ਨਾਲ ਬੇਗੁਨਾਹਾਂ ਦੇ ਕਤਲ ਕਰਨ ਵਾਲਾ ਦੇਸ਼ ਵਿੱਚ ਨਾ ਰਹੇ। ਇਸ ਨੂੰ ਬਦਕਿਸਮਤੀ ਕਿਹਾ ਜਾਵੇ ਜਾਂ ਸਰਕਾਰ ਅਸਮਰੱਥਾ ਕਿ ਇਕ ਮਹੀਨੇ ਲਈ ਆਲ ਆਊਟ ਰੋਕ ਦਿੱਤਾ ਗਿਆ। ਤਿੰਨ ਦਿਨਾਂ ਵਿੱਚ ਕਈ ਫੌਜੀ ਮਾਰੇ ਗਏ, ਬੈਂਕ ਲੁੱਟ ਲਿਆ ਗਿਆ ਤੇ ਪਾਕਿਸਤਾਨੀ ਗੋਲੀਬਾਰੀ ਵਿੱਚ ਆਮ ਲੋਕ ਮਾਰੇ ਗਏ। ਪਹਿਲਾਂ ਵੀ ਹਜ਼ਾਰਾਂ ਲੋਕ ਮਾਰੇ ਜਾ ਚੁੱਕੇ ਹਨ। ਕੀ ਉਨ੍ਹਾਂ ਦੇ ਵਾਰਸਾਂ ਨੂੰ ਮਦਦ ਮਿਲੇਗੀ? ਜਾਂ ਇਸ ਦਾ ਕੋਈ ਨਿਯਮ ਨਹੀਂ ਹੈ।

ਪੂਰੇ ਦੇਸ਼ ਵਿੱਚ ਇਕੋ ਜਿਹੀ ਰਾਹਤ ਜਾਂ ਮੁਆਵਜ਼ਾ ਨੀਤੀ ਹੋਣੀ ਚਾਹੀਦੀ ਹੈ। ਸਰਕਾਰ ਇਹ ਦੱਸੇ ਕਿ ਕੀ ਪੰਜ ਲੱਖ ਰੁਪਏ ਨਾਲ ਪੂਰੀ ਜ਼ਿੰਦਗੀ ਰੋਟੀ ਖਾਧੀ ਜਾ ਸਕਦੀ ਹੈ? ਮਕਾਨ ਬਣ ਜਾਵੇਗਾ, ਬੱਚਿਆਂ ਨੂੰ ਸਿੱਖਿਆ ਦਿਵਾਈ ਜਾ ਸਕੇਗੀ ਤੇ ਉਨ੍ਹਾਂ ਦਾ ਵਿਆਹ ਹੋ ਸਕੇਗਾ? ਕੀ ਇਕ ਕੌਮੀ ਨੀਤੀ ਬਣਾ ਕੇ ਇਹ ਤੈਅ ਨਹੀਂ ਕੀਤਾ ਜਾ ਸਕਦਾ ਕਿ ਜਿਹੜੇ ਸਰਕਾਰੀ ਲਾਪ੍ਰਵਾਹੀ, ਅਯੋਗਤਾ ਕਾਰਨ ਮਾਰੇ ਜਾਣ ਜਾਂ ਅੱਤਵਾਦੀ ਘਟਨਾਵਾਂ ਦਾ ਸ਼ਿਕਾਰ ਹੋਣ, ਉਨ੍ਹਾਂ ਦੇ ਪਰਵਾਰਾਂ ਦਾ ਜ਼ਿੰਮਾ ਸਰਕਾਰ ਚੁੱਕੇ। ਪੰਜਾਬ ਵਿੱਚ ਮਾੜੇ ਦੌਰ ਦੇ ਪੀੜਤਾਂ ਨੂੰ ਦਸ ਕਿਲੋ ਆਟਾ ਲੈਣ ਲਈ ਲੰਮਾ ਸੰਘਰਸ਼ ਕਰਨਾ ਪਿਆ ਸੀ। ਜਿਨ੍ਹਾਂ ਪਰਵਾਰਾਂ ਦੇ ਸਾਰੇ ਕਮਾਊ ਪੁਰਸ਼ ਮੈਂਬਰ ਮਾਰੇ ਗਏ ਉਨ੍ਹਾਂ ਲਈ ਵੀ ਉਹੀ ਪੈਮਾਨਾ ਸੀ, ਜਿਸ ਨਾਲ ਉਨ੍ਹਾਂ ਨੂੰ ਰੋਟੀ ਨਹੀਂ ਮਿਲ ਸਕਦੀ ਸੀ। ਨੌਕਰੀ ਦੇਣ ਮੌਕੇ ਵੀ ਕੁਝ ਪਰਵਾਰਾਂ ਨੂੰ ਸਿਆਸੀ ਜਾਣ ਪਛਾਣ ਤੇ ਅਹੁਦੇ ਦਾ ਲਾਭ ਦਿੰਦੇ ਹੋਏ ਅਫਸਰ ਬਣਾ ਕੇ ਵੱਡੇ-ਵੱਡੇ ਅਹੁਦੇ ਦੇ ਦਿੱਤੇ ਗਏ ਸਨ।

ਸਰਕਾਰਾਂ ਵੱਲੋਂ ਅਜਿਹਾ ਪ੍ਰਬੰਧ ਚਾਹੀਦਾ ਹੈ ਕਿ ਪੂਰੇ ਦੇਸ਼ ਵਿੱਚ ਕਿਤੇ ਸੜਕ ਹਾਦਸੇ, ਰੇਲ ਹਾਦਸੇ, ਬਦਮਾਸ਼ਾਂ ਅਤੇ ਅੱਤਵਾਦੀਆਂ ਵੱਲੋਂ ਮਾਰੇ ਗਏ ਲੋਕਾਂ ਨੂੰ ਇਕੋ ਜਿਹੀ ਮਦਦ ਦਿੱਤੀ ਜਾਵੇ। ਰਾਹਤ ਤੇ ਮੁੜ ਵਸੇਬਾ ਵਿਭਾਗ ਹਰ ਸੂਬੇ ਵਿੱਚ ਹਨ, ਪਰ ਕਿਸ ਆਧਾਰ 'ਤੇ ਰਾਹਤ ਦਿੰਦੇ ਹਨ, ਇਹ ਤੈਅ ਨਹੀਂ ਹੈ। ਪੀੜਤਾਂ ਅਤੇ ਯਤੀਮਾਂ ਦੀ ਹਾਲਤ ਅਜਿਹੀ ਹੈ ਕਿ ਉਨ੍ਹਾਂ ਨੂੰ ਦਿੱਤੀ ਜਾਣ ਵਾਲੀ ਪੈਨਸ਼ਨ ਵੀ ਖਜ਼ਾਨੇ ਵਿੱਚ ਪੈਸੇ ਨਾ ਹੋਣ ਕਾਰਨ ਕਈ-ਕਈ ਮਹੀਨੇ ਰੋਕੀ ਜਾਂਦੀ ਹੈ।

## ਹਲਕਾ ਫੁਲਕਾ

ਆਪਣੇ ਇੱਕ ਦੋਸਤ ਨੂੰ ਕਾਗਜ਼ ਦੇ ਟੁਕੜੇ ਵੱਲ ਘੂਰਦਾ ਦੇਖ ਕੇ ਕਾਲੂ ਨੇ ਪੁੱਛਿਆ, ''ਕੀ ਦੇਖ ਰਿਹਾ ਏਂ ਇਸ ਵਿੱਚ?''

ਦੋਸਤ ਬੋਲਿਆ, ''ਮੇਰੀ ਘਰ ਵਾਲੀ ਨੇ ਪਿੰਡ ਤੋਂ ਚਿੱਠੀ ਭੇਜੀ ਹੈ, ਉਹੀ ਦੇਖ ਰਿਹਾ ਹਾਂ।''

ਕਾਲੂ, ''ਚਿੱਠੀ? ਪਰ ਇਸ 'ਤੇ ਤਾਂ ਕੁਝ ਵੀ ਲਿਖਿਆ ਨਹੀਂ?''

ਦੋਸਤ, ''ਹਾਂ, ਮੇਰੀ ਤੇ ਮੇਰੀ ਘਰ ਵਾਲੀ ਦੀ ਬੋਲਚਾਲ ਅੱਜਕੱਲ੍ਹ ਬੰਦ ਹੈ।''

*********

ਚਿੰਟੂ, ''ਅੱਜ ਮੈਨੂੰ ਸਕੂਲ ਵਿੱਚ 100 ਨੰਬਰ ਮਿਲੇ।''

ਬੰਟੀ, ''ਇਹ ਤਾਂ ਬੜੀ ਚੰਗੀ ਖਬਰ ਹੈ ਯਾਰ, ਇਹ ਤਾਂ ਦੱਸ ਕਿ 100 ਨੰਬਰ ਕਿਸ ਵਿਸ਼ੇ ਵਿੱਚ ਮਿਲੇ?''

ਚਿੰਟੂ, ''ਤਿੰਨ ਵਿਸ਼ਿਆਂ ਵਿੱਚ। ਮੈਥ ਵਿੱਚ 30, ਅੰਗਰੇਜ਼ੀ ਵਿੱਚ 40 ਅਤੇ 30 ਹਿੰਦੀ ਲਈ।''

*********

ਇੱਕ ਮਾਰਵਾੜੀ ਦਾ ਐਕਸੀਡੈਂਟ ਹੋ ਗਿਆ ਤਾਂ ਡਾਕਟਰ ਬੋਲਿਆ, ''ਟਾਂਕੇ ਲਗਾਣੇ ਪੜੇਗਾ।''

ਮਾਰਵਾੜੀ, ''ਕਿੱਤੋ ਪੈਸੋ ਲਗੇਗਾ?''

ਡਾਕਟਰ, ''ਦੋ ਹਜ਼ਾਰ ਰੁਪਿਆ ਲੱਗਸੀ।''


ਮਾਰਵਾੜੀ, ''ਅਰੇ ਭਾਯਚਾ, ਟਾਂਕੋ, ਲਗਾਣੇ ਹੈਂ, ਐਂਬ੍ਰਾਇਡਰੀ ਕੌਣੀ ਕਰਾਨੀ।''





# ਜ਼ਰੂਰ ਜਾਣੋ; ਗਿਆਨ ਗੰਗਾ

|| ਜੀਵ ਹਮਾਰੀ ਜਾਤੀ ਹੈ, ਮਾਨਵ ਧਰਮ ਹਮਾਰਾ । ਹਿੰਦੂ, ਮੁਸਲਿਮ, ਸਿੱਖ, ਇਸਾਈ, ਧਰਮ ਨਹੀਂ ਕੋਈ ਨਿਆਰਾ ||




- ਬ੍ਰਹਮਾ, ਵਿਸ਼ਨੂੰ, ਮਹੇਸ਼ ਦੇ ਮਾਤਾ-ਪਿਤਾ ਕੌਣ ਹਨ ?
- ਸ਼ੇਰਾਂਵਾਲੀ ਮਾਤਾ (ਦੁਰਗਾ ਅਸ਼ਟਾਂਗੀ) ਦਾ ਪਤੀ ਕੌਣ ਹੈ ?
- ਸਾਨੂੰ ਜਨਮ ਦੇਣ ਤੇ ਮਾਰਣ ਵਿੱਚ ਕਿਸ ਪ੍ਰਭੂ ਦਾ ਸਵਾਰਥ ਹੈ ?
- ਅਸੀਂ ਸਾਰੇ ਦੇਵੀ-ਦੇਵਤਿਆਂ ਦੀ ਇੰਨੀ ਭਗਤੀ ਕਰਦੇ ਹਾਂ, ਫਿਰ ਵੀ ਦੁੱਖੀ ਕਿਉਂ ਹਾਂ ?
- ਬ੍ਰਹਮਾਂ, ਵਿਸ਼ਨੂੰ, ਮਹੇਸ਼ ਕਿਸਦੀ ਭਗਤੀ ਕਰਦੇ ਹਨ ?
- ਪੂਰਨ ਸੰਤ ਦੀ ਪਹਿਚਾਣ ਕੀ ਹੈ ? 'ਤੇ ਮੋਕਸ਼ ਕਿਵੇਂ ਮਿਲੇਗਾ ?
- ਪਰਮਾਤਮਾ ਸਾਕਾਰ ਹੈ ਜਾਂ ਨਿਰਾਕਾਰ ?
- ਕਿਸੀ ਵੀ ਗੁਰੂ ਦੀ ਸ਼ਰਨ ਵਿੱਚ ਜਾਣ ਨਾਲ ਮੁਕਤੀ ਸੰਭਵ ਹੈ ਜਾਂ ਨਹੀਂ ?
- ਤੀਰਥ, ਵਰਤ, ਤਰਪਣ ਅਤੇ ਸ਼ਰਾਧ ਨਿਕਾਲਣ ਨਾਲ ਕੋਈ ਲਾਭ ਹੈ ਜਾਂ ਨਹੀਂ (ਗੀਤਾ ਅਨੁਸਾਰ) ?
- ਸ਼੍ਰੀ ਕ੍ਰਿਸ਼ਨ ਜੀ ਕਾਲ ਨਹੀਂ ਹਨ । ਫਿਰ ਗੀਤਾ ਵਾਲਾ ਕਾਲ ਕੌਣ ਹੈ ?
- ਕੌਣ ਅਤੇ ਕਿਵੇਂ ਹੈ ? ਕਿੱਥੇ ਰਹਿੰਦਾ ਹੈ ? ਕਿਵੇਂ ਮਿਲਦਾ ਹੈ ? ਕਿਸ ਨੇ ਦੇਖਿਆ ਹੈ ਪੂਰਨ ਪਰਮਾਤਮਾ ?
- ਸਮਾਧੀ ਅਭਿਆਸ (Meditation) ਰਾਮ, ਹਰੇ ਕ੍ਰਿਸ਼ਣ, ਹਰੀ ਓਮ, ਹੰਸ, ਤਿੰਨ ਤੇ ਪੰਜ ਨਾਮਾਂ ਅਤੇ ਵਾਹਿਗੁਰੂ ਆਦਿ-2 ਨਾਮਾਂ ਦੇ ਜਾਪ ਤੋਂ ਸੁੱਖ ਅਤੇ ਮੁਕਤੀ ਸੰਭਵ ਹੈ ਜਾਂ ਨਹੀਂ?

ਇਨ੍ਹਾਂ ਸਾਰੇ ਪ੍ਰਸ਼ਨਾਂ ਦੇ ਉੱਤਰ ਜਾਣਨ ਲਈ ਕ੍ਰਿਪਾ ਕਰਕੇ ਪੜ੍ਹੋ ਪੁਸਤਕ ਗਿਆਨ ਗੰਗਾ ਜਾਂ ਡਾਊਨਲੋਡ ਕਰੋ: www.jagatgururampalji.org

IPTV ਦੁਆਰਾ ਸਤਸੰਗ ਦੇਖੋ

ਵਾਣੀ ਟੀਵੀ ਤੇ ਸਵੇਰੇ 11:00 - 12:00 ਵਜੇ ਤੱਕ
ਐਮ ਐਚ ਵਨ ਸ਼ਰਧਾ ਤੇ ਸਵੇਰੇ 3:30 - 4:30 ਵਜੇ ਤੱਕ
ਗਲੋਬਲ ਸਾਂਝ ਟੀ-ਵੀ ਤੇ ਸਵੇਰੇ 7:00 - 8:00 ਵਜੇ ਤੱਕ
ਸਾਧਣਾ ਟੀਵੀ ਤੇ ਸਵੇਰੇ 9:00 - 10:00 ਵਜੇ ਤੱਕ
ਹਰਿਆਣਾ ਨਿਊਜ ਤੇ ਸ਼ਾਮ 7:30 - 8:30 ਵਜੇ ਤੱਕ
ਈਸ਼ਵਰ ਟੀਵੀ ਤੇ ਸਵੇਰੇ 10:00 - 11:00 ਵਜੇ ਤੱਕ
ਗਲੋਬਲ ਸਾਂਝ ਟੀ-ਵੀ ਤੇ ਸ਼ਾਮ 7:00 - 8:00 ਵਜੇ ਤੱਕ

ਗਿਆਨ ਗੰਗਾ ਪੁਸਤਕ ਦੇ ਆਰਡਰ ਜਾਂ ਸਤਸੰਗ ਦੀ ਜਾਣਕਾਰੀ ਲਈ ਸੰਪਰਕ ਕਰੋ:

satlokashramcanada@gmail.com | 647-739-4641
satsahibusa@gmail.com | 346-714-0224

# ਰਾਜਨੇਤਾਵਾਂ ਨੇ ਰਾਖਵੇਂਕਰਨ ਨੂੰ ਇੱਕ ਸਰਕਸ ਬਣਾ ਦਿੱਤੈ

-ਪੂਨਮ ਆਈ ਕੌਸ਼ਿਸ਼-




ਚੋਣਾਂ ਆਉਣ ਵਾਲੀਆਂ ਹਨ ਤੇ ਰਾਖਵਾਂਕਰਨ ਮੁੜ ਸਿਆਸੀ ਦਿਸਹੱਦੇ 'ਤੇ ਛਾ ਗਿਆ ਹੈ। ਕੇਂਦਰ 'ਚ ਭਾਜਪਾ ਦੀ ਅਗਵਾਈ ਵਾਲੀ ਸਰਕਾਰ ਅਤੇ ਰਾਜਾਂ ਵਿੱਚ ਵਿਰੋਧੀ ਧਿਰ ਦੀਆਂ ਸਰਕਾਰਾਂ ਵਿਚਾਲੇ ਇਸ ਬ੍ਰਹਮ ਅਸਤਰ ਨੂੰ ਚਲਾਉਣ ਦੀ ਦੌੜ ਜਿਹੀ ਲੱਗੀ ਹੋਈ ਹੈ। ਚੋਣਾਂ ਦੇ ਨਜ਼ਰੀਏ ਤੋਂ ਮਜ਼ਬੂਤ ਭਾਈਚਾਰਿਆਂ ਨੂੰ ਖੁਸ਼ ਕਰਨ ਦੇ ਜ਼ਰੀਏ ਸਮਾਜਕ ਨਿਆਂ ਦੇ ਨਾਂਅ ਹੇਠ ਰਾਜਨੇਤਾ ਸਿਆਸੀ ਫਸਲ ਕੱਟਣਾ ਚਾਹੁੰਦੇ ਹਨ, ਕਿਉਂਕਿ ਸਾਡੇ ਦੇਸ਼ 'ਚ ਲੋਕ ਆਪਣੀ ਜਾਤ ਲਈ ਵੋਟਾਂ ਦਿੰਦੇ ਹਨ। ਮੋਦੀ ਸਰਕਾਰ ਨੇ ਇਸ ਸੰਬੰਧ 'ਚ ਜੋ ਕਦਮ ਚੁੱਕੇ, ਉਨ੍ਹਾਂ ਦੇ ਵਿਰੋਧੀ ਉਨ੍ਹਾਂ ਤੋਂ ਇੱਕ ਕਦਮ ਅੱਗੇ ਵਧੇ।

ਕੇਂਦਰ ਵੱਲੋਂ ਉਚੀਆਂ ਜਾਤਾਂ 'ਚ ਆਰਥਿਕ ਨਜ਼ਰੀਏ ਤੋਂ ਕਮਜ਼ੋਰ ਵਰਗਾਂ ਲਈ 10 ਫੀਸਦੀ ਰਾਖਵਾਂਕਰਨ ਦਿੱਤਾ ਗਿਆ ਤੇ ਉਸ ਨੂੰ ਉਮੀਦ ਹੈ ਕਿ ਇਸ ਕਦਮ ਨਾਲ ਉਚ ਜਾਤਾਂ ਦੇ ਗਰੀਬ ਵੋਟਰ, ਖਾਸ ਕਰ ਕੇ ਹਿੰਦੀ ਭਾਸ਼ੀ ਖੇਤਰਾਂ ਦੇ ਵੋਟਰ ਇਕਜੁੱਟ ਹੋਣਗੇ। ਆਂਧਰਾ ਪ੍ਰਦੇਸ਼ ਵਿੱਚ ਚੰਦਰਬਾਬੂ ਨਾਇਡੂ ਨੇ ਇਸ 19 ਫੀਸਦੀ ਕੋਟੇ ਨੂੰ ਦੋ ਹਿੱਸਿਆਂ ਵਿੱਚ ਵੰਡਿਆ ਹੈ- ਪੰਜ ਫੀਸਦੀ ਆਰਥਿਕ ਤੌਰ 'ਤੇ ਕਮਜ਼ੋਰ ਵਰਗਾਂ ਲਈ ਤਾਂ ਪੰਜ ਫੀਸਦੀ ਉਚੀ ਜਾਤ ਦੇ ਕਾਪੂ ਭਾਈਚਾਰੇ ਲਈ। ਰਾਜਸਥਾਨ 'ਚ ਗਹਿਲੋਤ ਸਰਕਾਰ ਨੇ ਗੁੱਜਰ, ਵਣਜਾਰਾ, ਗਡੀਆ, ਲੋਹਾਰ, ਰਾਇਕਾ ਤੇ ਆਜੜੀ ਭਾਈਚਾਰਿਆਂ ਨੂੰ ਪੰਜ ਫੀਸਦੀ ਰਾਖਵਾਂਕਰਨ ਦਿੱਤਾ। ਇਹ ਪੰਜ ਫੀਸਦੀ ਰਾਖਵਾਂਕਰਨ ਹੋਰਨਾਂ ਪੱਛੜੇ ਵਰਗਾਂ ਨੂੰ ਦਿੱਤੇ ਗਏ 21 ਫੀਸਦੀ ਰਾਖਵੇਂਕਰਨ ਤੋਂ ਇਲਾਵਾ ਹੈ। ਜੰਮੂ-ਕਸ਼ਮੀਰ 'ਚ ਰਾਜਪਾਲ ਸੱਤਿਆਪਾਲ ਮਿਸ਼ਰਾ ਨੇ ਜੰਮੂ ਕਸ਼ਮੀਰ ਰਾਖਵਾਂਕਰਨ ਬਿੱਲ 2014 ਨੂੰ ਆਪਣੀ ਇਜਾਜ਼ਤ ਦੇ ਦਿੱਤੀ, ਜਿਸ ਕਾਰਨ ਸੂਬੇ ਦੀ 20 ਫੀਸਦੀ ਪਹਾੜੀ ਆਬਾਦੀ ਨੂੰ ਰਾਖਵਾਂਕਰਨ ਦਿੱਤਾ ਜਾਵੇਗਾ। ਇਸ ਭਾਈਚਾਰੇ ਦੇ ਲੋਕ ਜੰਮੂ ਦੇ ਪੁੰਛ ਤੇ ਰਾਜੌਰੀ ਜ਼ਿਲ੍ਹਿਆਂ ਵਿੱਚ ਰਹਿੰਦੇ ਹਨ, ਕਸ਼ਮੀਰ ਦੇ ਬਾਰਾਮੂਲਾ ਤੇ ਕੁਪਵਾੜਾ ਜ਼ਿਲ੍ਹਿਆਂ ਵਿੱਚ ਫੈਲੇ ਹੋਏ ਹਨ। ਇਸੇ ਤਰ੍ਹਾਂ ਪਿਛਲੇ ਸਾਲ ਨਵੰਬਰ 'ਚ ਮਹਾਰਾਸ਼ਟਰ ਸਰਕਾਰ ਨੇ ਮਰਾਠਿਆਂ ਨੂੰ 16 ਫੀਸਦੀ ਰਾਖਵਾਂਕਰਨ ਦਿੱਤਾ ਸੀ। ਸੂਬੇ 'ਚ ਮਰਾਠਾ ਭਾਈਚਾਰੇ ਦੀ ਆਬਾਦੀ ਤੀਹ ਫੀਸਦੀ ਹੈ ਅਤੇ ਰਾਖਵਾਂਕਰਨ ਮਿਲਣ ਨਾਲ ਇਸ ਭਾਈਚਾਰੇ ਦੇ ਵੋਟਰ ਭਾਜਪਾ ਦੇ ਪੱਖ 'ਚ ਭੁਗਤ ਸਕਦੇ ਹਨ। ਹਰਿਆਣਾ ਵਿੱਚ ਭਾਜਪਾ ਸਰਕਾਰ ਨੇ ਜਾਟਾਂ ਅਤੇ ਚਾਰ ਹੋਰ ਜਾਤਾਂ ਨੂੰ ਛੇ ਫੀਸਦੀ ਰਾਖਵਾਂਕਰਨ ਦਿੱਤਾ। ਦਰਜਾ ਤਿੰਨ ਅਤੇ ਚਾਰ 'ਚ ਸਰਕਾਰੀ ਨੌਕਰੀਅੰ ਤੇ ਵਿਦਿਅਕ ਅਦਾਰਿਆਂ ਵਿੱਚ ਪੰਜ ਹੋਰਨਾਂ ਜਾਤਾਂ ਨੂੰ ਰਾਖਵਾਂਕਰਨ ਦਿੱਤਾ ਗਿਆ। ਤੇਲੰਗਾਨਾ ਵਿੱਚ ਟੀ ਆਰ ਐਸ ਸਰਕਾਰ ਮੁਸਲਮਾਨਾਂ ਨੂੰ 12 ਫੀਸਦੀ ਰਾਖਵਾਂਕਰਨ ਦੇਣਾ ਚਾਹੁੰਦੀ ਹੈ।

ਕੇਂਦਰ ਵੱਲੋਂ ਆਰਥਿਕ ਤੌਰ 'ਤੇ ਕਮਜ਼ੋਰ ਵਰਗਾਂ ਨੂੰ 10 ਫੀਸਦੀ ਰਾਖਵਾਂਕਰਨ ਦੇਣ ਦਾ ਫੈਸਲਾ ਉਸ ਦੇ ਲਈ ਮਦਦਗਾਰ ਸਿੱਧ ਹੋਇਆ। ਅੱਜ ਕੱਲ੍ਹ ਤੇਲੰਗਾਨਾ ਰਾਸ਼ਟਰੀ ਸੰਮਤੀ ਕੇਂਦਰ ਸਾਹਮਣੇ ਦਲੀਲ ਰੱਖ ਸਕਦੀ ਹੈ ਕਿ ਉਚੀਆਂ ਜਾਤਾਂ ਨੂੰ 10 ਫੀਸਦੀ ਰਾਖਵਾਂਕਰਨ ਦੇ ਕੇ ਇਹ ਹੱਦ ਪਹਿਲਾਂ ਹੀ 60 ਫੀਸਦੀ ਤੱਕ ਪਹੁੰਚ ਚੁੱਕੀ ਹੈ। ਦੇਸ਼ 'ਚ ਸਿਰਫ ਤਾਮਿਲ ਨਾਡੂ ਅਜਿਹਾ ਸੂਬਾ ਹੈ, ਜਿੱਥੇ 50 ਫੀਸਦੀ ਤੋਂ ਜ਼ਿਆਦਾ ਰਾਖਵੇਂਕਰਨ ਦੀ ਹੱਦ ਟੱਪੀ ਜਾ ਚੁੱਕੀ ਹੈ। ਇਥੇ 75 ਫੀਸਦੀ ਤੱਕ ਰਾਖਵਾਂਕਰਨ ਦਿੱਤਾ ਗਿਆ ਹੈ, ਜਿਸ ਨੂੰ ਸੰਵਿਧਾਨ ਦੀ 9ਵੀਂ ਅਨੁਸੂਚੀ 'ਚ ਪਾਇਆ ਗਿਆ ਹੈ, ਜਿਸ ਕਾਰਨ ਉਸ ਦੀ ਨਿਆਇਕ ਸਮੀਖਿਆ ਨਹੀਂ ਹੋ ਸਕਦੀ। ਬਿਹਾਰ ਦੇ ਮੁੱਖ ਮੰਤਰੀ ਨਿਤੀਸ਼ ਕੁਮਾਰ ਅਤੇ ਬਸਪਾ ਪ੍ਰਧਾਨ ਮਾਇਆਵਤੀ ਦੋਵੇਂ ਨਿੱਜੀ ਖੇਤਰ 'ਚ ਓ ਬੀ ਸੀ ਅਤੇ ਦਲਿਤਾਂ ਲਈ ਰਾਖਵਾਂਕਰਨ ਚਾਹੁੰਦੇ ਹਨ।

ਸਵਾਲ ਉਠਦਾ ਹੈ ਕਿ ਕੀ ਇਹ ਰਾਖਵਾਂਕਰਨ ਹਮੇਸ਼ਾ ਬਣਿਆ ਰਹੇਗਾ? ਕੀ ਇਹ ਸਹੀ ਹੈ ਕਿ ਯੋਗ ਵਿਅਕਤੀ ਨੂੰ ਨੌਕਰੀ ਅਤੇ ਵਿਦਿਅਕ ਅਦਾਰੇ ਵਿੱਚ ਦਾਖਲਾ ਸਿਰਫ ਇਸ ਲਈ ਨਹੀਂ ਮਿਲੇਗਾ ਕਿ ਉਸਦਾ ਕੋਟਾ ਪੂਰਾ ਹੋ ਚੁੱਕਾ ਹੈ।

ਸੰਵਿਧਾਨ ਵੱਲੋਂ ਦਿੱਤੇ ਬਰਾਬਰੀ ਤੇ ਬਰਾਬਰ ਮੌਕਿਆਂ 'ਤੇ ਪੱਛੜਿਆਪਣ ਕਦੋਂ ਤੋਂ ਭਾਰੀ ਪੈਣ ਲੱਗਾ ਹੈ। ਕੀ ਅਸੀਂ ਕਦੇ ਇਸ ਗੱਲ ਦਾ ਹਿਸਾਬ ਲਾਇਆ ਹੈ ਕਿ ਜਿਹੜੇ ਲੋਕਾਂ ਨੂੰ ਰਾਖਵਾਂਕਰਨ ਦਿੱਤਾ ਗਿਆ ਹੈ, ਉਨ੍ਹਾਂ ਨੂੰ ਇਸ ਨਾਲ ਲਾਭ ਮਿਲਿਆ ਹੈ ਜਾਂ ਨਹੀਂ। ਕੀ ਇਹ ਸਹੀ ਹੈ ਕਿ ਇੰਜੀਨੀਅਰਿੰਗ 'ਚ ਨੱਬੇ ਫੀਸਦੀ ਨੰਬਰ ਲੈਣ ਵਾਲਾ ਵਿਅਕਤੀ ਦਵਾਈਆਂ ਵੇਚੇ ਅਤੇ ਚਾਲੀ ਫੀਸਦੀ ਨੰਬਰ ਲੈਣ ਵਾਲਾ ਦਲਿਤ ਡਾਕਟਰ ਬਣੇ?

ਉਸ ਰਾਖਵੇਂਕਰਨ ਦਾ ਕੀ ਲਾਭ, ਜਦੋਂ ਵਿਦਿਆਰਥੀ ਜਾਂ ਅਧਿਕਾਰੀ ਫੈਸਲਾ ਲੈਣ ਦੀ ਪ੍ਰਕਿਰਿਆ ਦਾ ਸਾਹਮਣਾ ਹੀ ਨਾ ਕਰ ਸਕੇ? ਕੀ ਜਾਤ ਆਧਾਰਤ ਰਾਖਵਾਂਕਰਨ ਭਾਰਤ ਦੇ ਸਮਾਜਕ ਤਾਣੇ-ਬਾਣੇ ਤੇ ਸੁਹਿਰਦਤਾ ਨੂੰ ਬਣਾਈ ਰੱਖਣ ਦਾ ਇੱਕੋ-ਇੱਕ ਉਪਾਅ ਹੈ? ਜੇ ਰਾਖਵੇਂਕਰਨ ਸਦਕਾ ਅਨੁਸੂਚਿਤ ਜਾਤਾਂ ਅਤੇ ਜਨਜਾਤਾਂ ਦੇ ਕੁਝ ਲੋਕਾਂ ਨੂੰ ਰੋਜ਼ਗਾਰ ਮਿਲ ਜਾਂਦਾ ਹੈ ਤਾਂ ਇਸ ਨਾਲ ਇਸ ਭਾਈਚਾਰੇ ਦਾ ਭਲਾ ਕਿਵੇਂ ਹੋਇਆ?

ਸਮਾਜਕ ਨਿਆਂ ਇੱਕ ਲੋੜੀਂਦਾ ਅਤੇ ਸ਼ਲਾਘਾਯੋਗ ਟੀਚਾ ਹੈ। ਸਰਕਾਰ ਦਾ ਮੂਲ ਉਦੇਸ਼ ਹੈ ਕਿ ਉਹ ਗਰੀਬਾਂ ਅਤੇ ਪੱਛੜਿਆਂ ਦਾ ਮਿਆਰ ਉਤਾਂਹ ਚੁੱਕੇ, ਉਨ੍ਹਾਂ ਨੂੰ ਸਿਖਿਆ, ਬਰਾਬਰ ਮੌਕੇ ਦੇਵੇ। ਸਿਖਿਆ ਤੇ ਸਰਕਾਰੀ ਨੌਕਰੀਆਂ ਵਿੱਚ ਆਰਥਿਕ ਤੌਰ 'ਤੇ ਪੱਛੜੇ ਅਤੇ ਕਮਜ਼ੋਰ ਵਰਗਾਂ ਦੀ ਘੱਟ ਨੁਮਾਇੰਦਗੀ ਹੋਣ ਕਾਰਨ ਉਨ੍ਹਾਂ ਲਈ ਰਾਖਵਾਂਕਰਨ ਅਹਿਮ ਹੈ। ਇਸ ਦੇ ਬਾਵਜੂਦ ਸਰਕਾਰ ਦੇ ਇਨ੍ਹਾਂ ਲੋਕ ਲੁਭਾਊ ਕਦਮਾਂ ਤੇ ਵਿਵੇਕਹੀਣ ਤਦਰਥਵਾਦ ਕਾਰਨ ਗਰੀਬਾਂ ਅਤੇ ਪੱਛੜਿਆਂ ਦਾ ਭਲਾ ਹੁੰਦਾ ਹੈ ਤਾਂ ਲੋਕ ਉਸ ਨੂੰ ਮੁਆਫ ਕਰ ਦਿੰਦੇ, ਪਰ ਤਜਰਬਾ ਦੱਸਦਾ ਹੈ ਕਿ ਰਾਖਵੇਂਕਰਨ ਲਈ ਕਾਨੂੰਨ ਬਣਾਉਣ ਨਾਲ ਵੀ ਇਨ੍ਹਾਂ ਲੋਕਾਂ ਦੀ ਸਥਿਤੀ ਵਿੱਚ ਸੁਧਾਰ ਨਹੀਂ ਹੋਇਆ ਹੈ।

ਰਾਖਵਾਂਕਰਨ ਦੇਸ਼ 'ਚੋਂ ਗਰੀਬੀ ਹਟਾਉਣ ਦਾ ਇੱਕੋ-ਇੱਕ ਉਪਾਅ ਨਹੀਂ। ਇਸ ਕਾਰਨ ਵੱਖ-ਵੱਖ ਵਰਗਾਂ ਵਿਚਾਲੇ ਖਹਿਬਾਜ਼ੀ ਪੈਦਾ ਹੋਈ ਹੈ। ਕੌਮੀ ਪੱਛੜਾ ਵਰਗ ਕਮਿਸ਼ਨ ਦੇ ਸਾਬਕਾ ਮੁਖੀ ਅ੍ਰਸਾਰ ਰਾਜਨੇਤਾਵਾਂ ਨੇ ਰਾਖਵੇਂਕਰਨ ਨੂੰ ਇਕ ਸਰਕਸ ਬਣਾ ਦਿੱਤਾ ਹੈ। ਇਸ ਗੱਲ ਦਾ ਕੋਈ ਸਰਵੇਖਣ ਨਹੀਂ ਕੀਤਾ ਗਿਆ ਕਿ ਕੀ ਰਾਖਵੇਂਕਰਨ ਤੋਂ ਬਾਅਦ ਪੱਛੜੇ ਵਰਗਾਂ ਨੂੰ ਮੁੱਖ ਧਾਰਾ 'ਚ ਲਿਆਉਣ ਲਈ ਉਨ੍ਹਾਂ ਦਾ ਮਨੋਬਲ ਉਚਾ ਚੁੱਕਣ ਵਾਸਤੇ ਕੋਈ ਕਦਮ ਚੁੱਕੇ ਗਏ ਹਨ? ਉਨ੍ਹਾਂ ਲਈ ਨਾ ਤਾਂ ਕੋਈ ਕਲਿਆਣਕਾਰੀ ਪ੍ਰੋਗਰਾਮ ਹੈ ਅਤੇ ਨਾ ਹੀ ਗੁਣਵੱਤਾ ਭਰਪੂਰ ਸਿਖਿਆ ਦਾ ਪ੍ਰਬੰਧ।

ਸਿਰਫ ਰਾਖਵੇਂਕਰਨ ਨਾਲ ਦਿਹਾਤੀ ਸਮਾਜ ਵਿੱਚ ਤਬੀਦਲੀ ਨਹੀਂ ਆਵੇਗੀ ਕਿਉਂਕਿ ਦਿਹਾਤੀ ਢਾਂਚਾ ਅਨਪੜ੍ਹਤਾ, ਅਗਿਆਨਤਾ ਅਤੇ ਜਾਤ ਪ੍ਰਥਾ 'ਤੇ ਆਧਾਰਤ ਹੈ। ਇਸ ਤੋਂ ਇਲਾਵਾ ਇਹ ਗੈਰ ਸੰਵਿਧਾਨਕ ਵੀ ਹੈ ਕਿਉਂਕਿ ਇਸ ਨਾਲ ਸੰਵਿਧਾਨ ਦੀ ਧਾਰਾ 14 ਦੀ ਉਲੰਘਣਾ ਹੁੰਦੀ ਹੈ, ਜਿਸ ਵਿੱਚ ਬਰਾਬਰੀ ਦੀ ਵਿਵਸਥਾ ਕੀਤੀ ਗਈ ਹੈ। ਰਾਖਵਾਂਕਰਨ ਵਿਸ਼ੇਸ਼ ਸਥਿਤੀਆਂ 'ਚ ਦਿੱਤਾ ਜਾਣਾ ਸੀ ਤੇ ਇਸ ਦੇ ਲਈ ਪਿਛਲੀਆਂ ਵੱਖ-ਵੱਖ ਕਾਨੂੰਨੀ ਮਿਸਾਲਾਂ ਵੀ ਹਨ। 1992 ਦੇ ਫੈਸਲੇ ਮੁਤਾਬਕ ਰਾਖਵੇਂਕਰਨ ਦੀ ਹੱਦ ਪੰਜਾਹ ਫੀਸਦੀ ਤੈਅ ਕੀਤੀ ਗਈ ਤੇ ਇਸ ਨੂੰ ਸਿਰਫ ਅਸਾਧਾਰਨ ਤੇ ਅਪਵਾਦਕ ਸਥਿਤੀਆਂ 'ਚ ਵਧਾਇਆ ਜਾ ਸਕਦਾ ਹੈ। ਸਿਖਿਆ ਤੇ ਰੋਜ਼ਗਾਰ ਦੇ ਖੇਤਰ ਵਿੱਚ ਸਵੈ ਇੱਛਾਚਾਰੀ ਰਾਖਵਾਂਕਰਨ ਠੋਸਣ ਦੇ ਤਿੰਨ ਖਤਰੇ ਹਨ। ਪਹਿਲਾ-ਇਸ ਨਾਲ ਯੋਗਤਾ ਪ੍ਰਭਾਵਤ ਹੋਵੇਗੀ, ਦੂਜਾ ਅੱਗੇ ਚੱਲ ਕੇ ਯੋਗਤਾ ਨਾਲ ਸਮਝੌਤਾ ਹੋਵੇਗਾ ਤੇ ਤੀਜਾ ਸਿਖਿਆ ਦੀ ਗੁਣਵੱਤਾ ਅਤੇ ਸ਼ਾਸਨ ਵਿੱਚ ਗਿਰਾਵਟ ਨਾਲ ਰਾਜਗ ਸਰਕਾਰ ਵਲੋਂ ਬ੍ਰਾਂਡ ਇੰਡੀਆ ਦੀ ਆਰਥਿਕ ਸ਼ਕਤੀ ਨੂੰ ਦਰਸਾਉਣ ਵਿੱਚ ਦਿੱਕਤ ਹੋਵੇਗੀ ਕਿਉਂਕਿ ਇਸ ਦਾ ਮੂਲ ਮੰਤਰ ਦਿਮਾਗੀ ਹੁਨਰ ਅਤੇ ਨਿਪੁੰਨਤਾ ਹੈ।

ਸਪੱਸ਼ਟ ਹੈ ਕਿ ਲੋਕਤੰਤਰ ਵਿੱਚ ਦੋਹਰੇ ਮਾਪਦੰਡਾਂ ਅਤੇ ਹੋਰਨਾਂ ਲੋਕਾਂ ਨਾਲੋਂ ਜ਼ਿਆਦਾ ਬਰਾਬਰ ਦੇ ਓਰਵੇਲੀਅਨ ਸਿਧਾਂਤ ਲਈ ਕੋਈ ਥਾਂ ਨਹੀਂ ਹੈ। ਮੂਲ ਅਧਿਕਾਰਾਂ 'ਚ ਜਾਤ, ਮਜ਼ਹਬ, ਲਿੰਗ ਆਦਿ ਦੇ ਆਧਾਰ 'ਤੇ ਵਿਤਕਰਾ ਕੀਤੇ ਬਿਨਾਂ ਸਾਰਿਆਂ ਨੂੰ ਬਰਾਬਰ ਮੌਕੇ ਦਿੱਤੇ ਗਏ ਹਨ ਤੇ ਸਾਨੂੰ ਇਨ੍ਹਾਂ ਨਾਲ ਛੇੜਖਾਨੀ ਨਹੀਂ ਕਰਨੀ ਚਾਹੀਦੀ। ਨਾਲ ਹੀ ਤੁਸੀਂ ਮਨੁੱਖੀ ਵਿਕਾਸ ਨੂੰ ਇੱਕ ਹੱਦ ਵਿੱਚ ਨਹੀਂ ਬੰਨ੍ਹ ਸਕਦੇ।

ਇਸ ਨਜ਼ਰੀਏ ਤੋਂ ਸਾਰਾ ਸਮਾਜ ਸੁਧਾਰ ਅੰਦੋਲਨ ਫਜ਼ੂਲ ਬਣ ਕੇ ਰਹਿ ਜਾਵੇਗਾ। ਸਾਡੇ ਨੇਤਾਵਾਂ ਨੂੰ ਇੱਕ ਗੱਲ ਧਿਆਨ ਵਿੱਚ ਰੱਖਣੀ ਚਾਹੀਦੀ ਹੈ ਕਿ ਰਾਖਵੇਂਕਰਨ ਨੂੰ ਵਧਾਉਂਦੇ ਰਹਿਣ ਨਾਲ ਯੋਗਤਾ ਅਤੇ ਪੈਮਾਨੇ ਪ੍ਰਭਾਵਤ ਹੋਣਗੇ, ਜੋ ਕਿ ਕਿਸੇ ਵੀ ਆਧੁਨਿਕ ਰਾਸ਼ਟਰ ਨੂੰ ਅੱਗੇ ਵਧਾਉਣ ਲਈ ਜ਼ਰੂਰੀ ਹਨ। ਨੇਤਾਵਾਂ ਨੂੰ ਸਮਝਣਾ ਪਵੇਗਾ ਕਿ ਅੱਜ ਉਹ ਦੇਸ਼ 'ਚ 18 ਤੋਂ 35 ਸਾਲ ਦੀ 'ਰੰਗ ਦੇ ਬਸੰਤੀ' ਪੀੜ੍ਹੀ ਦਾ ਸਾਹਮਣਾ ਕਰ ਰਹੇ ਹਨ, ਜਿਸ ਦੀ ਦੇਸ਼ 'ਚ ਆਬਾਦੀ ਲਗਭਗ ਪੰਜਾਹ ਫੀਸਦੀ ਹੈ। ਇਹ ਪੀੜ੍ਹੀ ਕੰਮਾਂ ਵਿੱਚ ਯਕੀਨ ਕਰਦੀ ਹੈ, ਨਾ ਕਿ ਗੱਲਾਂ 'ਚ। ਰੋਜ਼ਗਾਰ ਦੇ ਭੀੜ-ਭੜੱਕੇ ਵਾਲੇ ਬਾਜ਼ਾਰ ਵਿੱਚ ਇਹ ਪੀੜ੍ਹੀ ਯੋਗਤਾ ਦੇ ਆਧਾਰ 'ਤੇ ਹੀ ਰੋਜ਼ਗਾਰ ਪ੍ਰਾਪਤ ਕਰਦੀ ਹੈ। ਦੇਸ਼ 'ਚ ਜਨਸ਼ਕਤੀ ਹਰ ਸਾਲ 3.5 ਫੀਸਦੀ ਦੇ ਹਿਸਾਬ ਨਾਲ ਵਧ ਰਹੀ ਹੈ, ਪਰ ਰੋਜ਼ਗਾਰਾਂ ਵਿੱਚ 2.3 ਫੀਸਦੀ ਵਾਧਾ ਹੋ ਰਿਹਾ ਹੈ, ਜਿਸ ਕਾਰਨ ਬੇਰੋਜ਼ਗਾਰੀ ਵਧ ਰਹੀ ਹੈ। ਮੋਦੀ ਸਰਕਾਰ ਵੱਲੋਂ ਜਾਇੰਟ ਸੈਕਟਰੀ ਦੇ 10 ਅਹੁਦਿਆਂ ਦੇ ਇਸ਼ਤਿਹਾਰ ਤੋਂ ਬਾਅਦ 6000 ਤੋਂ ਵੱਧ ਅਰਜ਼ੀਆਂ ਆਈਆਂ, ਜੋ ਦੇਸ਼ ਵਿੱਚ ਬੇਰੋਜ਼ਗਾਰੀ ਨੂੰ ਦੱਸਦੀਆਂ ਹਨ। ਸਾਡੇ ਨੇਤਾ ਰੋਜ਼ਗਾਰ ਦੇ ਬਾਜ਼ਾਰ ਹਰ ਸਾਲ ਦਾਖਲ ਹੋਣ ਵਾਲੇ 1.2 ਕਰੋੜ ਨੌਜਵਾਨਾਂ ਦੇ ਬੈਕਲਾਗ ਨੂੰ ਕਲੀਅਰ ਕਰਨ ਬਾਰੇ ਨਹੀਂ ਸੋਚਦੇ। ਇਸ ਦਿਸ਼ਾ ਵਿੱਚ ਕੋਟਾ ਕਿੱਥੇ ਫਿੱਟ ਹੁੰਦਾ ਹੈ? ਇਸ ਸੰਬੰਧ ਵਿੱਚ ਸਾਨੂੰ ਡਾਕਟਰ ਅੰਬੇਡਕਰ ਦੇ ਇਨ੍ਹਾਂ ਸ਼ਬਦਾਂ ਨੂੰ ਧਿਆਨ 'ਚ ਰੱਖਣਾ ਪਵੇਗਾ ਕਿ ''ਜੇ ਤੁਸੀਂ ਚਾਹੁੰਦੇ ਹੋ ਕਿ ਵੱਖ-ਵੱਖ ਸਮਾਜ ਇਕਜੁੱਟ ਹੋਣ ਤਾਂ ਰਾਖਵੇਂਕਰਨ ਨੂੰ ਖਤਮ ਕਰ ਦੇਣਾ ਚਾਹੀਦਾ ਹੈ ਕਿਉਂਕਿ ਇਹ ਵਿਕਾਸ ਦੇ ਰਾਹ ਵਿੱਚ ਅੜਿੱਕਾ ਬਣਦਾ ਹੈ।'' ਕੁੱਲ ਮਿਲਾ ਕੇ ਹਰ ਹੀਲੇ ਸੱਤਾ ਹਾਸਲ ਕਰਨ ਦੀ ਇੱਛਾ ਰੱਖਣ ਵਾਲੇ ਸਾਡੇ ਨੇਤਾਵਾਂ ਨੂੰ ਵੋਟ ਬੈਂਕ ਦੀ ਸਿਆਸਤ ਅਤੇ ਰਾਖਵੇਂਕਰਨ ਤੋਂ ਪਰ੍ਹੇ ਸੋਚਣਾ ਪਵੇਗਾ ਕਿਉਂਕਿ ਇਹ ਦੋਵੇਂ ਚੀਜ਼ਾਂ ਸਮਾਜ ਨੂੰ ਵੰਡਦੀਆਂ ਹਨ। ਇਸੇ ਕਾਰਨ ਸਿਆਸਤ ਵਿੱਚ ਖੱਬੇ ਪੱਖੀਆਂ-ਸੱਜੇ ਪੱਖੀਆਂ ਵਿਚਾਲੇ ਸੰਘਰਸ਼ ਦੀ ਬਜਾਏ ਉਚੀਆਂ ਤੇ ਪੱਛੜੀਆਂ ਜਾਤਾਂ ਵਿਚਾਲੇ ਸੰਘਰਸ਼ ਵਾਲੀ ਸਥਿਤੀ ਬਣ ਗਈ ਹੈ। ਇਨ੍ਹਾਂ ਰਾਜਨੇਤਾਵਾਂ ਨੂੰ ਭਾਰਤ ਦੀ ਤਰੱਕੀ 'ਚ ਰੁਕਾਵਟ ਬਣਨ ਦੀ ਇਜਾਜ਼ਤ ਨਹੀਂ ਦਿੱਤੀ ਜਾਣੀ ਚਾਹੀਦੀ।

ਸਾਡੇ ਨੇਤਾਵਾਂ ਨੂੰ ਰਾਖਵੇਂਕਰਨ ਦੀ ਨੀਤੀ 'ਤੇ ਮੁੜ ਵਿਚਾਰ ਕਰਨਾ ਚਾਹੀਦਾ ਹੈ ਤੇ ਇਸ ਦੇ ਚਿਰਸਥਾਈ ਅਸਰਾਂ ਨੂੰ ਦੇਖਦੇ ਹੋਏ ਇਸ ਬੁਰੀ ਨੂੰ ਖਤਮ ਕਰਨਾ ਚਾਹੀਦਾ ਹੈ। ਭਾਰਤ ਦੀ ਨੌਜਵਾਨ ਪੀੜ੍ਹੀ ਇਹ ਸਵੀਕਾਰ ਨਹੀਂ ਕਰੇਗੀ ਕਿ ਚੋਣ ਮੁਕਾਬਲੇਬਾਜ਼ੀ ਦੇ ਜ਼ਰੀਏ ਸੱਤਾ ਵਿੱਚ ਆਉਣ ਲਈ ਵੋਟਾਂ ਦਾ ਹਿਸਾਬ ਕਿਤਾਬ ਲਾਇਆ ਜਾਵੇ, ਨਹੀਂ ਤਾਂ ਸਾਡਾ ਦੇਸ਼ ਇੱਕ ਔਸਤਨ ਦਰਜੇ ਦਾ ਰਾਸ਼ਟਰ ਬਣਿਆ ਰਹੇਗਾ।

# ਮੌਲਾ ਆਣ ਕੇ ਗੁਲਾਬਾਂ ਵਿੱਚ ਹੱਸਦਾ

-ਡਾ. ਬਲਵਿੰਦਰ ਸਿੰਘ ਲੱਖੇਵਾਲੀ

ਮੌਲਾ ਆਣ ਕੇ ਗੁਲਾਬਾਂ ਵਿੱਚ ਹੱਸਦਾ
ਮਾਹੀਆ ਮੇਰਾ ਚਿੱਤ ਦਾ ਚੋਰ ਚੰਦਰਾ
ਦਿਲ ਦੀਆਂ ਰਮਜ਼ਾਂ ਨਾ ਖੋਲ੍ਹ ਦੱਸਦਾ

ਵੇਖਣ ਵਾਲੀ ਅੱਖ ਹੋਵੇ ਤਾਂ ਰੱਬ ਜ਼ੱਰੇ-ਜ਼ੱਰੇ ਵਿੱਚ ਨਜ਼ਰ ਆਉਂਦਾ ਹੈ। ਕਾਦਰ ਦੀ ਕੁਦਰਤ ਦੇ ਆਸ਼ਿਕ, ਕੁਦਰਤੀ ਨਿਆਮਤਾਂ ਵਿੱਚੋਂ ਆਪਣੇ ਮੌਲਾ ਨੂੰ ਟੋਲਦੇ ਹਨ। ਰੁੱਖ ਬੂਟਿਆਂ ਤੇ ਫੁੱਲਾਂ ਵਿੱਚ ਰੱਬ ਖੁਸ਼ੀ ਦੇ ਰੌਂਅ ਵਿੱਚ ਨਜ਼ਰ ਆਉਂਦਾ ਹੈ। ਫੁੱਲਾਂ ਵਿੱਚੋਂ ਗੁਲਾਬ ਨੂੰ ਬਾਦਸ਼ਾਹ ਮੰਨਿਆ ਜਾਂਦਾ ਹੈ। ਗੁਲਾਬ ਦੀ ਖੂਬਸੂਰਤੀ ਦਾ ਸਾਰਾ ਜੱਗ ਦੀਵਾਨਾ ਅੱਜ ਤੋਂ ਨਹੀਂ, ਬਲਕਿ ਮਨੁੱਖੀ ਹੋਂਦ ਵੇਲੇ ਤੋਂ ਹੈ। ਗੁਲਾਬ ਸਾਡੇ ਮਿਥਿਹਾਸ, ਇਤਿਹਾਸ, ਧਾਰਮਿਕ ਅਤੇ ਸਾਹਿਤਕ ਆਦਿ ਹਰ ਪੱਖ ਤੋਂ ਸਾਡੇ ਨਾਲ ਗੂੜ੍ਹੀ ਸਾਂਝ ਰੱਖਦਾ ਹੈ। ਯੂਨਾਨ ਦੇ ਲੋਕ ਗੁਲਾਬ ਨੂੰ ਪਿਆਰ ਅਤੇ ਦੇਵਤਿਆਂ ਨਾਲ ਜੋੜਦੇ ਹਨ। ਰੋਮ ਦੇ ਲੋਕ ਆਪਣੇ ਭੋਜਨ ਵੇਲੇ ਕਮਰੇ ਦੀਆਂ ਛੱਤਾਂ ਗੁਲਾਬ ਨਾਲ ਸਜਾਉਂਦੇ ਸਨ। ਮੰਨਣਾ ਇਹ ਸੀ ਕਿ ਆਏ ਮਹਿਮਾਨ ਗੁਲਾਬ ਦੇ ਫੁੱਲਾਂ ਨੂੰ ਵੇਖ ਕੇ ਯਾਦ ਰੱਖਣ ਕਿ ਖਾਣੇ ਦੌਰਾਨ ਕੀਤੀਆਂ ਗੱਲਾਂ ਦਾ ਭੇਤ ਬਾਹਰ ਜਾ ਕੇ ਨਹੀਂ ਖੋਲ੍ਹਣਾ। ਗੁਲਾਬ ਸਾਨੂੰ ਅੱਜ ਅਨੇਕਾਂ ਰੰਗਾਂ ਵਿੱਚ ਵੇਖਣ ਨੂੰ ਮਿਲਦਾ ਹੈ, ਸਿਵਾਏ ਕਾਲੇ ਤੋਂ।

ਕਾਲੇ ਰੰਗ ਦਾ ਗੁਲਾਬ ਕੋਈ ਨਾ
ਤੇਰੀਆਂ ਕਿਤਾਬਾਂ ਵਿੱਚ ਵੇ
ਮੇਰੀ ਗੱਲ ਦਾ ਜਵਾਬ ਕੋਈ ਨਾ

ਦਰਅਸਲ ਬਾਜ਼ਾਰ ਵਿੱਚ ਮਿਲਣ ਵਾਲਾ ਕਾਲਾ ਗੁਲਾਬ ਗੂੜ੍ਹੇ ਉਨਾਭੀ ਰੰਗ ਦਾ ਹੁੰਦਾ ਹੈ। ਪਹਿਲਾਂ ਨੀਲਾ ਗੁਲਾਬ ਮੌਜੂਦ ਨਹੀਂ ਸੀ, ਪਰ ਵਿਗਿਆਨੀਆਂ ਨੇ ਨੀਲਾ ਗੁਲਾਬ ਵੀ ਤਿਆਰ ਕਰ ਲਿਆ ਹੈ। ਕੁਝ ਸੱਜਣਾਂ ਨੂੰ ਇਹ ਗੱਲ ਚੁੱਭਦੀ ਹੈ ਕਿ ਐਨੀ ਖੂਬਸੂਰਤ ਸ਼ੈਅ ਨੂੰ ਕੰਡੇ ਕਿਉਂ ਲੱਗੇ ਹੁੰਦੇ ਹਨ? ਇਸ ਦਾ ਜਵਾਬ ਸਭਨਾਂ ਨੂੰ ਭਾਈ ਵੀਰ ਸਿੰਘ ਨੇ ਆਪਣੀ ਕਵਿਤਾ 'ਕੰਡੇ' ਰਾਹੀਂ ਇਉਂ ਬਿਆਨ ਕੀਤਾ ਹੈ:

ਫੁੱਲ ਗੁਲਾਬ ਤੋਂ ਕਿਸੇ ਪੁੱਛਿਆ
'ਅਵੇ ਕੋਮਲਤਾ ਦੇ ਸਾਈ।
ਇਸ ਸੁਹੱਪਣ, ਇਸ ਸੁਹਲ ਸੂਰਜ ਨੂੰ,
ਹੈ ਕਿਉਂ ਕੰਡਿਆਂ ਬਜ ਲਾਈ?'
ਮਸਤ ਅਲਸਤੀ ਸੁਰ ਵਿੱਚ ਸੁਹਣੇ
ਹੱਸ ਕਿਹਾ, 'ਖਬਰ ਨਹੀਂ ਮੈਨੂੰ, ਤੋੜ
ਨਹੀਂ-ਦੀ ਫੱਟੀ ਭਾਵੇਂ
ਮਿਰੇ ਮੌਲਾ ਨੇ ਲਿਖ ਲਾਈ।'

ਗੁਲਾਬ ਦੇ ਇਤਿਹਾਸ ਦੀ ਗੱਲ ਕਰੀਏ ਤਾਂ ਵਿਗਿਆਨੀਆਂ ਨੂੰ ਮਿਲੇ ਪਥਰਾਟਾਂ ਅਨੁਸਾਰ ਗੁਲਾਬ ਦੀ ਹੋਂਦ ਲੱਖਾਂ ਸਾਲ ਪੁਰਾਣੀ ਹੈ। ਦੱਖਣੀ ਸਾਇਬੇਰੀਆ ਵਿੱਚ ਇਕ ਕਬਰ ਵਿੱਚੋਂ ਇਕ ਚਾਂਦੀ ਦਾ ਤਮਗਾ ਮਿਲਿਆ, ਜਿਸ ਉਪਰ ਗੁਲਾਬ ਦੀ ਤਸਵੀਰ ਉਕਰੀ ਹੋਈ ਹੈ ਅਤੇ ਉਹ ਅੰਦਾਜ਼ਨ 7000 ਸਾਲ ਪੁਰਾਣਾ ਹੈ। ਸ਼ੈਕਸਪੀਅਰ ਦੀਆਂ ਲਿਖਤਾਂ ਵਿੱਚ ਗੁਲਾਬ ਦਾ ਜ਼ਿਕਰ ਮਿਲਦਾ ਹੈ। ਨੈਪੋਲੀਅਨ ਦੀ ਪਤਨੀ ਗੁਲਾਬ ਦੀ ਖਾਸ ਸ਼ੌਕੀਨ ਸੀ, ਜਿਸ ਕਰਕੇ ਉਸ ਨੇ ਪੈਰਿਸ ਵਿੱਚ 250 ਗੁਲਾਬ ਦੀਆਂ ਕਿਸਮਾਂ ਵਾਲਾ ਬਗੀਚਾ ਬਣਵਾਇਆ ਸੀ। ਨੈਪੋਲੀਅਨ ਆਪਣੇ ਅਫਸਰ ਨੂੰ ਗੁਲਾਬ ਦੀਆਂ ਪੱਤੀਆਂ ਦੇ ਬੋਰੇ ਇਸ ਲਈ ਭਰ ਕੇ ਦਿੰਦਾ ਸੀ, ਕਿਉਂਕਿ ਉਸ ਦਾ ਮੰਨਣਾ ਸੀ ਕਿ ਵਾਈਨ ਵਿੱਚ ਗੁਲਾਬ ਦੀਆਂ ਉਬਾਲੀਆਂ ਪੱਤੀਆਂ ਗੋਲੀਆਂ ਦੇ ਜ਼ਖਮਾਂ ਨੂੰ ਠੀਕ ਕਰਨ ਵਿੱਚ ਸਹਾਈ ਹੁੰਦੀਆਂ ਹਨ।

ਵਿਸ਼ਵ ਪੱਧਰ 'ਤੇ ਪੁਰਾਣੇ ਵੇਲਿਆਂ ਤੋਂ ਗੁਲਾਬ ਦਾ ਫੈਲਾਅ ਵਿਗਿਆਨੀਆਂ ਅਨੁਸਾਰ ਤਿੰਨ ਜ਼ੋਨਾਂ ਵਿੱਚ ਹੋਇਆ। ਪਹਿਲਾਂ ਮਿਡਲ ਈਸਟ ਯਾਨੀ ਬੇਬੀਲਾਨ, ਪਰਸੀਆ, ਸੀਰੀਆ ਦਾ ਇਲਾਕਾ, ਦੂਜਾ ਯੂਨਾਨ ਤੇ ਰੋਮ ਅਤੇ ਤੀਜਾ ਚੀਨ, ਜਾਪਾਨ ਤੇ ਭਾਰਤ ਹੈ। ਰਾਜੇ ਰਾਣੀਆਂ ਗੁਲਾਬ ਦੇ ਬੜੇ ਸ਼ੌਕੀਨ ਹੁੰਦੇ ਸਨ। ਸੋਲ੍ਹਵੀਂ ਸਦੀ ਵਿੱਚ ਬਾਬਰ ਜਦੋਂ ਭਾਰਤ ਵੱਲ ਆਇਆ ਤਾਂ ਉਹ ਊਠਾਂ ਉੱਤੇ ਲੱਦ ਕੇ ਗੁਲਾਬ ਵੀ ਲਿਆਇਆ ਸੀ। ਉਸ ਨੇ ਆਪਣੀਆਂ ਧੀਆਂ ਦੇ ਨਾਂ ਵੀ ਗੁਲਾਬ ਨਾਲ ਸਬੰਧਤ ਰੱਖੇ ਸਨ, ਗੁਲ ਚੇਹਰਾ, ਗੁਲ ਰੁੱਖ, ਗੁਲ ਬਦਨ ਅਤੇ ਗੁਲ ਰੰਗ। ਮੁਗਲ ਬਾਦਸ਼ਾਹਾਂ ਨੇ ਆਪਣੇ ਹਰ ਮੁਗਲ ਬਗੀਚੇ ਵਿੱਚ ਗੁਲਾਬ ਨੂੰ ਅਹਿਮ ਸਥਾਨ ਦਿੱਤਾ, ਚਾਹੇ ਉਹ ਕਸ਼ਮੀਰ ਦਾ ਸ਼ਾਲੀਮਾਰ ਬਾਗ ਸੀ ਜਾਂ ਫਿਰ ਆਗਰੇ ਦਾ ਤਾਜ ਮਹਿਲ। ਬਾਦਸ਼ਾਹ ਜਹਾਂਗੀਰ ਦੀ ਪਤਨੀ ਨੂਰਜਹਾਂ ਪਾਣੀ ਵਿੱਚ ਗੁਲਾਬ ਦੀਆਂ ਪੱਤੀਆਂ ਪਾ ਕੇ ਇਸ਼ਨਾਨ ਕਰ ਰਹੀ ਸੀ ਤਾਂ ਪਾਣੀ ਦੀ ਤਹਿ ਉਪਰ ਤੇਲ ਦੀਆਂ ਬੂੰਦਾਂ ਵੇਖੀਆਂ, ਜਿਸ ਨੂੰ ਨਿਤਾਰ ਕੇ ਵੱਖ ਕੀਤਾ ਤੇ ਮਹਿਕਦਾਰ ਤੇਲ ਦੀ ਜਾਣਕਾਰੀ ਹੋਈ। ਰਾਣੀ ਦੇ ਇਸ ਅਤਰ ਨੂੰ ਅਤਰ-ਏ-ਜਹਾਂਗੀਰੀ ਦਾ ਨਾਂ ਦਿੱਤਾ ਗਿਆ।

ਗੁਲਾਬ ਆਪਣੀ ਮਹਿਕ ਸਦਕਾ ਵਿਸ਼ਵ ਦੇ ਹਰ ਸ਼ਖਸ ਨੂੰ ਮਹਿਕਾਂ ਵੰਡਦਾ ਹੈ। ਸੰਸਾਰ ਵਿੱਚ ਅਨੇਕਾਂ ਸਥਾਨਾਂ 'ਤੇ ਗੁਲਾਬ ਦੇ ਬਗੀਚੇ ਵੇਖਣ ਨੂੰ ਮਿਲਦੇ ਹਨ। ਪੈਰਿਸ ਦਾ ਰੋਜ਼ ਗਾਰਡਨ ਬਹੁਤ ਮਸ਼ਹੂਰ ਹੈ। ਚੰਡੀਗੜ੍ਹ ਦਾ ਰੋਜ਼ ਗਾਰਡਨ ਏਸ਼ੀਆ ਦਾ ਸਭ ਤੋਂ ਵੱਡਾ ਗੁਲਾਬ ਦਾ ਬਗੀਚਾ ਹੈ। ਕਾਫੀ ਸਾਲ ਪਹਿਲਾਂ ਅੰਮ੍ਰਿਤਸਰ ਦੇ ਇਲਾਕੇ ਵਿੱਚ ਗੁਲਾਬ ਦੀ ਖੇਤੀ ਕਾਫੀ ਜ਼ਿਆਦਾ ਕੀਤੀ ਜਾਂਦੀ ਸੀ। ਇੰਗਲੈਂਡ ਅਤੇ ਅਮਰੀਕਾ ਦਾ ਰਾਸ਼ਟਰੀ ਫੁੱਲ ਗੁਲਾਬ ਹੈ। ਜਰਮਨੀ ਵਿੱਚ ਹਿਲਸ਼ਾਈਮ ਨਾਮੀ ਗਿਰਜਾਘਰ ਦੀ ਕੰਧ ਨਾਲ 1000 ਸਾਲ ਪੁਰਾਣਾ ਗੁਲਾਬ ਦਾ ਪੌਦਾ ਅੱਜ ਵੀ ਵੱਧ ਫੁੱਲ ਰਿਹਾ ਹੈ।

ਗੁਲਾਬ ਤੋਂ ਗੁਲਕੰਦ, ਮਹਿਕਾਂ ਨਾਲ ਸਬੰਧਤ ਉਤਪਾਦਾਂ ਤੋਂ ਇਲਾਵਾ ਇਸ ਦੇ ਫਲ ਜਿਸ ਨੂੰ 'ਰੋਜ਼ ਹਿੱਪ' ਜਾਣਿਆ ਜਾਂਦਾ ਹੈ, ਵੀ ਮਿਲਦਾ ਹੈ। ਪੰਜਾਬ ਜਾਂ ਭਾਰਤ ਵਿੱਚ ਰੋਜ਼ ਹਿੱਪ ਵੱਧ ਪ੍ਰਚੱਲਿਤ ਨਹੀਂ, ਪਰ ਇਸ ਵਿੱਚ ਵਿਟਾਮਿਨ ਸੀ ਦੀ ਮਿਕਦਾਰ ਬੇਹੱਦ ਜ਼ਿਆਦਾ ਹੋਣ ਕਰਕੇ ਹੋਰ ਦੇਸ਼ਾਂ ਵਿੱਚ ਇਸ ਦੀ ਵਰਤੋਂ ਕਾਫੀ ਹੁੰਦੀ ਹੈ। ਗੁਲਾਬ ਦਾ ਤੇਲ ਬੜਾ ਮਹਿੰਗਾ ਵਿਕਦਾ ਹੈ ਤੇ ਇਸ ਤੋਂ ਮਿਲਦੀਆਂ ਅਨੇਕਾਂ ਸ਼ੈਆਂ ਮਨੁੱਖੀ ਬਿਮਾਰੀਆਂ ਖਾਸ ਕਰਕੇ ਠੰਢਕ ਪਹੁੰਚਾਉਣ, ਪਾਚਨ ਪ੍ਰਣਾਲੀ, ਮਿਹਦੇ ਅਤੇ ਜਿਗਰ ਰੋਗ, ਕਬਜ਼ ਰੋਗ, ਮੂਤਰ ਰੋਗ, ਮਹਾਂਵਾਰੀ, ਨਿਰਾਸ਼ਤਾ, ਥਕਾਵਟ ਆਦਿ ਅਨੇਕਾਂ ਰੋਗਾਂ ਦੇ ਇਲਾਜ ਵਿੱਚ ਵਰਤੀਆਂ ਜਾਂਦੀਆਂ ਹਨ। ਮਨੁੱਖੀ ਖੂਬਸੂਰਤੀ ਵਧਾਉਣ ਵਾਲੇ ਅਨੇਕਾਂ ਉਤਪਾਦ ਗੁਲਾਬ ਤੋਂ ਤਿਆਰ ਕੀਤੇ ਜਾਂਦੇ ਹਨ। ਗੁਲਾਬ ਦੇ ਫੁੱਲਾਂ ਦਾ ਵਪਾਰ ਵੀ ਪੂਰੇ ਵਿਸ਼ਵ ਵਿੱਚ ਕਰੋੜਾਂ ਅਰਬਾਂ ਰੁਪਏ ਦਾ ਅਦਾਨ ਪ੍ਰਦਾਨ ਕਰਦਾ ਹੈ।

ਮਹਿਕਾਂ ਖਾਤਰ ਤੇ ਗੁਲਕੰਦ ਖਾਤਰ ਦੇਸੀ ਗੁਲਾਬ ਦਾ ਕੋਈ ਜਵਾਬ ਨਹੀਂ ਹੈ। ਵਿਗਿਆਨ ਦੀ ਤਰੱਕੀ ਨੇ ਬੇਸ਼ੁਮਾਰ ਕਿਸਮਾਂ ਦੇ ਗੁਲਾਬ ਮਨੁੱਖ ਦੀ ਝੋਲੀ ਪਾਏ ਹਨ, ਜੋ ਬੀਜ, ਕਲਮ, ਦਾਬ, ਗੁੱਟੀ, ਪਿਊਂਦ ਅਤੇ ਵੇਲਨੁਮਾ ਗੁਲਾਬ ਦੇ ਰੂਪ ਵਿੱਚ ਪ੍ਰਚੱਲਿਤ ਹੋ ਰਹੇ ਹਨ। ਅਕਤੂਬਰ ਨਵੰਬਰ ਤੇ ਫਰਵਰੀ ਤੋਂ ਅਪਰੈਲ ਦੌਰਾਨ ਗੁਲਾਬ ਖੂਬ ਵਧਦੇ ਹਨ। ਅਕਤੂਬਰ ਤੋਂ ਮਾਰਚ ਦਾ ਸਮਾਂ ਗੁਲਾਬ ਲਾਉਣ ਲਈ ਢੁਕਵਾਂ ਹੈ, ਪਰ ਕਲਮਾਂ ਜਨਵਰੀ ਤੋਂ ਮਾਰਚ ਦੌਰਾਨ ਲਾਈਆਂ ਜਾਂਦੀਆਂ ਹਨ। ਗੁਲਾਬ ਲਈ ਕਾਂਟ ਛਾਂਟ ਬੜੀ ਅਹਿਮੀਅਤ ਰੱਖਦੀ ਹੈ ਅਤੇ ਇਹ ਸਤੰਬਰ ਅਕਤੂਬਰ ਦੌਰਾਨ ਕੀਤੀ ਜਾਂਦੀ ਹੈ। ਖਿੜਿਆ ਹੋਇਆ ਗੁਲਾਬ, ਖੂਬਸੂਰਤੀ ਅਤੇ ਮਹਿਕਾਂ ਦੀ ਹੱਟ ਲਾ ਦਿੰਦਾ ਹੈ, ਜਿਸ ਦਾ ਆਨੰਦ ਲੈਣਾ ਆਉਣਾ ਚਾਹੀਦਾ ਹੈ, ਨਾ ਕਿ ਉਸ ਨੂੰ ਤੋੜ ਕੇ ਬੇਰੰਗ ਅਤੇ ਮਹਿਕ ਰਹਿਤ ਕਰਨਾ ਚਾਹੀਦਾ:

ਡਾਲੀ ਨਾਲੋਂ ਤੋੜ ਨਾ ਸਾਨੂੰ
ਅਸਾਂ ਹੱਟ ਮਹਿਕ ਦੀ ਲਾਈ।
ਲੱਖ ਗਾਹਕ ਜੇ ਸੁੰਘੇ ਆ ਕੇ
ਖਾਲੀ ਇਕ ਨਾ ਜਾਈ।
ਤੂੰ ਜੇ ਇਕ ਤੋੜ ਕੇ ਲੈ ਗਿਓਂ
ਇਕ ਜੋਗਾ ਰਹਿ ਜਾਸਾਂ
ਉਹ ਭੀ ਪਲਕ ਝਲਕ ਦਾ ਮੇਲਾ
ਰੂਪ ਮਹਿਕ ਨਸ ਜਾਈ।

## ਔਲੇ ਦਾ ਖਾਧਾ.. -ਗੁਰੰਜਟ ਸਿੰਘ ਸਿੱਧੂ 'ਮਹਿਰਾਜ'

ਪੜ੍ਹਨ ਵਿੱਚ ਹੱਥ ਕੁਝ ਵੱਧ ਤੰਗ ਸੀ। ਸਾਰੀਆਂ ਕਲਾਸਾਂ ਬੱਸ ਧੂਹ ਕੇ ਪਾਸ ਕੀਤੀਆਂ ਸਨ। ਨੌਵੀਂ ਵਿੱਚੋਂ ਅਸੀਂ ਸਿਫਾਰਸ਼ ਨਾਲ ਪਾਸ ਹੋਏ। ਟਿਊਸ਼ਨਾਂ ਤੇ ਧੱਕੇ ਖਾ ਕੇ ਮਸੀਂ ਥਰਡ ਡਿਵੀਜ਼ਨ ਵਿੱਚ ਦਸਵੀਂ ਪਾਸ ਕਰ ਲਈ। ਇਹ ਮਾਰਚ 1961 ਦੀ ਗੱਲ ਹੈ। ਦਸਵੀਂ ਤੋਂ ਬਾਅਦ ਸਾਡਾ ਨਾਂਅ ਪੜ੍ਹਿਆਂ-ਲਿਖਿਆਂ ਵਿੱਚ ਵੱਜਣ ਲੱਗ ਪਿਆ ਅਤੇ ਉਸ ਵੇਲੇ ਸਾਡੇ ਨੇੜੇ-ਤੇੜੇ, ਬੀਹੀ-ਵਿਹੜੇ ਅਤੇ ਅੰਗਲੀ-ਸੰਗਲੀ ਵਿੱਚ ਸਾਥੋਂ ਵੱਧ ਕੋਈ ਪੜ੍ਹਿਆ-ਲਿਖਿਆ ਨਹੀਂ ਸੀ। ਸਾਡੀ ਬੇਬੇ ਨੇ ਗਲੀ-ਮੁਹੱਲੇ ਵਿਚ ਗੁੜ ਵੰਡਿਆ। ਉਸ ਤੋਂ ਚਾਅ ਸਾਂਭਿਆ ਨਾ ਜਾਵੇ। ਸਭ ਨੇ ਬੇਬੇ ਨੂੰ ਵਧਾਈਆਂ ਦਿੱਤੀਆਂ। ਸਾਰੀਆਂ ਰਿਸ਼ਤੇਦਾਰੀਆਂ ਵਿੱਚ ਵੀ ਸਾਡਾ ਪੜ੍ਹੇ ਲਿਖੇ ਹੋਣ ਦਾ ਰੌਲਾ ਪੈ ਗਿਆ। ਅਸੀਂ ਉਦੋਂ ਪੂਰੇ ਚਾਂਭਲੇ ਹੋਏ ਸਾਂ। ਦਸਵੀਂ ਪਾਸ ਦਾ ਚਾਅ ਸਾਥੋਂ ਨਹੀਂ ਸੀ ਚੁੱਕਿਆ ਜਾਂਦਾ। ਕਈ ਤਾਂ ਕਹਿਣ, 'ਸਾਨੂੰ ਪਹਿਲਾਂ ਹੀ ਪਤਾ ਸੀ, ਮੁੰਡਾ ਬੜਾ ਲਾਇਕ ਹੈ।' ਹਰ ਪਾਸੇ ਝੰਡੀ ਹੋਈ ਪਈ ਸੀ। ਕਈ ਸਾਡੇ ਪਾਸ ਹੋਣ 'ਤੇ ਸੱਪ ਵਾਂਗ ਵਿਉ ਘੋਲਦੇ ਸਨ। ਉਸ ਵੇਲੇ ਸਾਡੇ ਨੇੜੇ ਤੇੜੇ ਕੋਈ ਪੰਜਾਬੀ ਦਾ ਊੜਾ ਊਠ ਵੀ ਨਹੀਂ ਸੀ ਜਾਣਦਾ। ਆਸੇ ਪਾਸੇ ਵਾਲੇ ਸਾਰੇ ਕੋਰੇ ਅਨਪੜ੍ਹ ਸਨ। 'ਅੰਨ੍ਹਿਆਂ ਵਿੱਚ ਕਾਣਾ ਰਾਜਾ' ਵਾਲੀ ਕਹਾਵਤ ਵਾਂਗ ਸਾਡੀ ਮਸ਼ਹੂਰੀ ਤਾਂ ਹੋਣੀ ਹੀ ਸੀ।

ਫਿਰ ਦੂਰੋਂ ਨੇੜਿਓਂ ਚਿੱਠੀ ਪੱਤਰ ਪੜ੍ਹਾਉਣ ਅਤੇ ਲਿਖਵਾਉਣ ਵਾਲਿਆਂ ਦਾ ਸਾਡੇ ਕੋਲ ਹੜ੍ਹ ਆ ਗਿਆ। ਉਦੋਂ ਫੋਨ ਫੂਨ ਦਾ ਕਿਤੇ ਕੋਈ ਨਾਂ-ਨਿਸ਼ਾਨ ਨਹੀਂ ਸੀ। ਅਸੀਂ ਚਿੱਠੀ ਲਿਖਣ ਵੇਲੇ ਮੁੱਢਲੀਆਂ ਲਾਈਨਾਂ ਨੂੰ ਸਮਝੋ ਘੋਟਾ ਹੀ ਲਾਇਆ ਹੋਇਆ ਸੀ- ਲਿਖਤੁਮ ਫਲਾਣਾ ਸਿੰਘ, ਅੱਗੇ ਮਿਲੇ ਧਿਮਕੇ ਸਿੰਘ ਜੀ ਨੂੰ। ਏਥੇ ਸਭ ਰਾਜ਼ੀ ਖੁਸ਼ੀ ਹੈ, ਆਪ ਜੀ ਦੀ ਰਾਜ਼ੀ ਖੁਸ਼ੀ ਪਰਮਾਤਮਾ ਪਾਸੋਂ ਨੇਕ ਚਾਹੁੰਦੇ ਹਾਂ।' ਅੱਗੇ ਸਮਾਚਾਰ ਇਹ ਹੈ ਕਿ.. ਅੱਗੇ ਜਿਸ ਨੇ ਜੋ ਕੁਝ ਲਿਖਾਉਣਾ ਹੁੰਦਾ, ਅਸੀਂ ਸਭ ਝਰੀਟੀ ਜਾਣਾ। ਸਭ ਤੋਂ ਬਾਅਦ 'ਪੜ੍ਹਨ ਸੁਣਨ ਵਾਲਿਆਂ ਅਤੇ ਸਾਰੇ ਟੱਬਰ ਨੂੰ ਸਭ ਵੱਲੋਂ ਪਿਆਰ ਭਰੀ ਸਤਿ ਸ੍ਰੀ ਅਕਾਲ ਪ੍ਰਵਾਨ ਹੋਏ' ਲਿਖਣੀ।

ਦੇਖਦੇ-ਦੇਖਦੇ ਸਾਡੀ ਗਲੀ ਮੁਹੱਲੇ ਵਿੱਚ ਬੱਲੇ-ਬੱਲੇ ਹੋਣ ਲੱਗ ਪਈ। ਹਰ ਕੋਈ ਬੋਲੇ, 'ਜੇ ਭਾਈ ਚਿੱਠੀ ਪੱਤਰ ਲਿਖਵਾਉਣਾ ਹੈ ਤਾਂ ਲੰਙਾਂ ਦੇ ਮੁੰਡੇ ਤੋਂ ਲਿਖਵਾਇਓ ਭਾਈ ਮੁੰਡਾ ਚਿੱਠੀ ਕਾਹਦੀ ਲਿਖਦੈ, ਮੋਤੀ ਪਰੋ ਦਿੰਦਾ ਐ। ਅਗਲਾ ਪੜ੍ਹਨ ਵਾਲਾ ਵੀ ਹੈਰਾਨ ਹੋ ਜਾਂਦਾ ਐ ਕਿ ਵਾਕਿਆ ਕਿਸੇ ਪੜ੍ਹੇ ਲਿਖੇ ਮੁੰਡੇ ਨੇ ਚਿੱਠੀ ਲਿਖੀ ਹੈ।' ਇਹ ਸਭ ਸੁਣ ਕੇ ਅਸੀਂ ਫੁੱਲੇ ਨਾ ਸਮਾਈਏ। ਸਾਨੂੰ ਬੀਹੀ ਵਿਹੜੇ ਵਿੱਚ ਸਲਾਮਾਂ ਵੱਜਣ ਲੱਗ ਪਈਆਂ। ਪਹਿਲਾਂ ਜਿਹੜੇ ਅੱਧਾ ਨਾ ਲੈ ਕੇ ਬੁਲਾਉਂਦੇ ਹੁੰਦੇ ਸਨ, ਪੂਰਾ ਨਾਂ ਲੈ ਕੇ ਨਾਲ 'ਸਿਉਂ' ਵੀ ਲਾਉਣ ਲੱਗ ਪਏ। ਉਸ ਵੇਲੇ ਸਾਨੂੰ ਪਤਾ ਲੱਗਾ ਕਿ ਪੜ੍ਹਾਈ ਦੀ ਕੀ ਕੀਮਤ ਹੁੰਦੀ ਹੈ। ਉਸ ਵਕਤ ਸਾਨੂੰ ਸਾਡੀ ਤੀਜੀ ਅੱਖ ਖੁੱਲ੍ਹਦੀ ਨਜ਼ਰ ਆਈ। ਅਸੀਂ ਆਪਣੇ ਆਪ ਨੂੰ ਬੁੱਧੀਜੀਵੀ ਸਮਝਣ ਲੱਗ ਪਏ। ਬੀਹੀ ਵਿਹੜੇ ਵਿੱਚ ਵੀ ਰਤਾ ਕੁ ਚੌੜੇ ਹੋ ਕੇ ਤੁਰਨ ਲੱਗੇ।

ਫਿਰ ਸਾਨੂੰ ਲੋਕਾਂ ਨੇ ਪਿੰਡ ਦਾ ਸਰਪੰਚ ਜਾਂ ਪੰਚ ਬਣਾਉਣ ਦੀਆਂ ਤਿਆਰੀਆਂ ਆਰੰਭ ਦਿੱਤੀਆਂ। 'ਅੰਨ੍ਹਾ ਕੀ ਭਾਲੇ, ਦੋ ਅੱਖਾਂ' ਵਾਂਗ ਅਸੀਂ ਹੋਰ ਕੀ ਭਾਲਦੇ ਸਾਂ। ਇਸ ਨਾਲ ਸਾਡੇ ਅੰਦਰ ਹੋਰ ਫੂਕ ਭਰ ਗਈ। ਅਸੀਂ ਆਪਣੇ ਆਪ ਨੂੰ ਨੇਤਾ ਸਮਝਣ ਲੱਗ ਪਏ। ਗਲੀ ਮੁਹੱਲੇ ਵਿੱਚ ਵੀ ਆਕੜ ਨਾਲ ਤੁਰਨ ਲੱਗੇ। ਸਾਡੀ ਚਾਲ ਢਾਲ ਵਿੱਚ ਵੀ ਨੇਤਾਗਿਰੀ ਵੜ ਗਈ।

ਬਾਪੂ ਜੀ ਨੂੰ ਪਤਾ ਨਹੀਂ ਸਾਡੀਆਂ ਹਰਕਤਾਂ ਦਾ ਕਿਵੇਂ ਪਤਾ ਲੱਗ ਗਿਆ, ਉਹ ਸਾਡੀ ਲੀਡਰੀ ਵਿੱਚ ਕਬਾਬ ਦੀ ਹੱਡੀ ਬਣ ਕੇ ਆਣ ਟਪਕੇ, ਕਹਿੰਦੇ, 'ਮੁੰਡਿਆ ਐਵੇਂ ਨਾ ਸ਼ੁਕਰਿਆ ਫਿਰ, ਨੇਤਾਗਿਰੀ ਕਮਾਉਣੀ ਸੌਖੀ ਨਹੀਂ। ਇਹਨੇ ਕਈ ਘਰ ਪੱਟੇ ਨੇ। ਕਿਉਂ ਤਬਾਹੀ ਵੱਲ ਪਿਆ। ਚਾਰ ਜਮਾਤਾਂ ਹੋਰ ਪੜ੍ਹ। ਕੋਈ ਚੰਗੀ ਨੌਕਰੀ ਛੋਕਰੀ ਮਿਲ ਜਾਊ, ਸਮਝਿਆ।' ਬਾਪੂ ਦੀਆਂ ਗੱਲਾਂ ਸੁਣ ਕੇ ਅਸੀਂ ਮੂਤ ਦੀ ਝੱਗ ਵਾਂਗ ਬੈਗ ਗਏ। ਸਾਡੀ ਲੀਡਰੀ ਦਾ ਸਾਰਾ ਅਫਰੇਵਾਂ ਉਤਰ ਗਿਆ। ਅਸਮਾਨੀ ਚੜ੍ਹੀ ਮੱਤ ਠਿਕਾਣੇ ਆ ਗਈ। ਅਸੀਂ ਦਸਵੀਂ ਦੀ ਥਰਡ ਡਿਵੀਜ਼ਨ ਦੀ ਮੈਲ ਧੋਣ ਲਈ ਅਗਲੀ ਕਲਾਸ ਦੀਆਂ ਕਿਤਾਬਾਂ ਖਰੀਦ ਲਈਆਂ।

ਅੱਜ ਕੱਲ੍ਹ ਪਤਾ ਲੱਗਦਾ ਹੈ ਕਿ ਔਲੇ ਦੇ ਖਾਧੇ ਦਾ ਤੇ ਸਿਆਣੇ ਦੇ ਕਹੇ ਦਾ ਮਗਰੋਂ ਹੀ ਪਤਾ ਲੱਗਦਾ ਹੈ।


**Dr. Randhawa Dentistry**



*Your own dentist who really cares for you*

We Provide the following Services:
- Dental Crowns, Veneers & Bridges
- Dental Fillings & Gum Treatment
- Root Canal (RCT), Dentures, Extraction
- Kids Dentistry
- Wisdom Tooth Surgery
- Invisalign (Invisible Braces)
- Digital X-Rays System
- Teeth Cleaning & Whitening
- Cosmetic Dental Treatment

Dr. Samreet Kaur Randhawa
General Family Dentist

New Patients welcome
Deal Directly with all Insurance Companies


- ਸੀਨੀਅਰ ਡਿਸਕਾਊਂਟ
- ਅਸੀਂ ਤੁਹਾਡੀ ਭਾਸ਼ਾ ਬੋਲਦੇ ਹਾਂ
- ਐਮਰਜੈਂਸੀ ਅਤੇ ਵਾਕ ਇਨ ਸੇਵਾਵਾਂ

NEW LOCATION
10 SQUIRE ELLIS DR, UNIT 5-6
BRAMPTON, ON L6P 4K6
(MAJOR INTERSECTION: GORE RD/MAYFIELD)
Tel :905-794-5111

INVISALIGN & BRACES INCLUDING CLEAR BRACES
Invisible Braces ਜਿਹੜੀਆਂ ਕਿ ਦੂਰੋਂ ਨਜਰ ਨਹੀਂ ਆਉਂਦੀਆਂ
Show Your Smile More With Invisible Braces!



FIRST LOCATION
DENTISTRY @ BONNIE BRAES
50 CHESTERWOOD CRES, UNIT 2
BRAMPTON, ON L6Y 0Z4
(OPP. CHRUCHVILLE PUBLIC SCHOOL, JAMES POTTER / BONNIE BRAES INTERSECTION)
Tel : 905-230-9044






**NEED A LAWYER ??**

**KAUR LAW OFFICE**

Red Seal NOTARY



MANJEET KAUR
LL.B., (London UK)
Barrister, Solicitor & Notary Public

REAL ESTATE LAWYER
- Residential & Commercial
- Sale/Purchase of House
- Mortgage & Refinancing
- Drafting/Reviewing Agreements
- Title Transfer
- 2nd Mortgage

IMMIGRATION
- Skilled Worker Category
- Spousal & Family Sponsorship
- Student Permits Visa & Renewals
- PR Renewal/ Citizenship Application

FAMILY LAWYER
- Child & Spousal support
- Custody & Access
- Divorce
- Equalization



BUSINESS LAW
- Incorporation & Shareholder agreements
- Sales & Purchase of Assets & Shares
- Notarization & Affidavits

WILLS & ESTATE
- Wills
- Certificate of Estate Trustee with/without Will
- Power of attorney for Property & Personal Care

Tel : 905-454-0099
Fax: 905-454-2234
2575 Steeles Ave. E., Unit 1,Brampton, ON L6T 5T1

## ਬਹਿਬਲ ਕਲਾਂ ਗੋਲ਼ੀ ਕਾਂਡ:

# ਆਈ ਜੀ ਉਮਰਾਨੰਗਲ 14 ਦਿਨ ਦੀ ਜੁਡੀਸ਼ਲ ਰਿਮਾਂਡ ਉਤੇ ਜੇਲ੍ਹ ਭੇਜਿਆ

ਫਰੀਦਕੋਟ, 26 ਫਰਵਰੀ (ਪੋਸਟ ਬਿਊਰੋ)- ਅਕਾਲੀ-ਭਾਜਪਾ ਸਰਕਾਰ ਦੇ ਵਕਤ ਹੋਏ ਬਹਿਬਲ ਕਲਾਂ ਅਤੇ ਕੋਟਕਪੂਰਾ ਗੋਲੀ ਕਾਂਡ ਦੀ ਜਾਂਚ ਕਰਦੀ ਸਪੈਸ਼ਲ ਇਨਵੇਸਟੀਗੇਸ਼ਨ ਟੀਮ (ਐੱਸ ਆਈ ਟੀ) ਵਲੋਂ 18 ਫਰਵਰੀ ਨੂੰ ਗ੍ਰਿਫਤਾਰ ਕੀਤੇ ਗਏ ਪੰਜਾਬ ਪੁਲਸ ਦੇ ਆਈ ਜੀ ਪਰਮਰਾਜ ਸਿੰਘ ਉਮਰਾਨੰਗਲ ਨੂੰ ਸੱਤ ਦਿਨਾਂ ਦੇ ਪੁਲਿਸ ਰਿਮਾਂਡ ਪਿੱਛੋਂ ਅੱਜ ਅਦਾਲਤ ਨੇ 14 ਦਿਨ ਦੇ ਜੁਡੀਸ਼ਲ ਰਿਮਾਂਡ ਉੱਤੇ ਕੇਂਦਰੀ ਮਾਡਰਨ ਜੇਲ੍ਹ ਫਰੀਦਕੋਟ ਭੇਜ ਦਿੱਤਾ ਹੈ। ਅਗਲੀ 12 ਮਾਰਚ ਨੂੰ ਉਸ ਦੀ ਅਗਲੀ ਪੇਸ਼ੀ ਵੀਡੀਓ ਕਾਨਫਰੰਸ ਰਾਹੀਂ ਹੋਵੇਗੀ।



ਵਰਨਣ ਯੋਗ ਹੈ ਕਿ ਬੀਤੀ 18 ਫਰਵਰੀ ਨੂੰ ਐੱਸ ਆਈ ਟੀ ਵਲੋਂ ਗ੍ਰਿਫਤਾਰ ਕੀਤੇ ਆਈ ਜੀ ਪਰਮਰਾਜ ਸਿੰਘ ਉਮਰਾਨੰਗਲ ਦਾ ਪੁਲਿਸ ਰਿਮਾਂਡ ਖਤਮ ਹੋਣ ਉੱਤੇ ਅੱਜ ਉਸ ਨੂੰ ਜੁਡੀਸ਼ਲ ਮੈਜਿਸਟਰੇਟ ਫਰੀਦਕੋਟ ਏਕਤਾ ਉਪਲ ਦੀ ਅਦਾਲਤ ਵਿਚ ਪੇਸ਼ ਕੀਤਾ ਗਿਆ। ਐੱਸ ਆਈ ਟੀ ਵੱਲੋਂ ਹੋਰ ਪੁਲਿਸ ਰਿਮਾਂਡ ਨਾ ਮੰਗਣ ਕਾਰਨ ਅਦਾਲਤ ਨੇ ਪਰਮਰਾਜ ਸਿੰਘ ਉਮਰਾਨੰਗਲ ਨੂੰ 12 ਮਾਰਚ ਤੱਕ 14 ਦਿਨ ਦੇ ਜੁਡੀਸ਼ਲ ਰਿਮਾਂਡ ਉੱਤੇ ਮਾਡਰਨ ਜੇਲ੍ਹ ਫਰੀਦਕੋਟ ਨੂੰ ਭੇਜ ਦਿੱਤਾ। ਇਸ ਮੌਕੇ ਗੱਲਬਾਤ ਦੌਰਾਨ ਪਰਮਰਾਜ ਸਿੰਘ ਉਮਰਾਨੰਗਲ ਦੇ ਵਕੀਲ ਨੇ ਦੱਸਿਆ ਕਿ ਅੱਜ ਐੱਸ ਆਈ ਟੀ ਨੇ ਹੋਰ ਪੁਲਿਸ ਰਿਮਾਂਡ ਦੇਣ ਦੀ ਮੰਗ ਨਹੀਂ ਕੀਤੀ ਸੀ ਅਤੇ ਅਦਾਲਤ ਨੇ ਉਮਰਾਨੰਗਲ ਨੂੰ ਜੇਲ੍ਹ ਭੇਜ ਦਿੱਤਾ ਹੈ।

# ਇਮਤਿਹਾਨਾਂ ਦੇ ਦਿਨਾਂ ਵਿੱਚ ਲਾਊਡ ਸਪੀਕਰਾਂ ਅਤੇ ਡੀ ਜੇ ਉਤੇ ਮਨ੍ਹਾਹੀ ਦੇ ਹੁਕਮ ਲਾਗੂ

ਚੰਡੀਗੜ੍ਹ, 26 ਫਰਵਰੀ (ਪੋਸਟ ਬਿਊਰੋ)- ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਹੈ ਕਿ ਆਵਾਜ਼ ਪ੍ਰਦੂਸ਼ਣ ਰੋਕਣ ਦਾ ਹਰ ਸੰਭਵ ਕਦਮ ਚੁੱਕਣ ਦੇ ਇਲਾਵਾ ਨਿਯਮਾਂ ਦੀ ਉਲੰਘਣਾ ਕਰਨ ਵਾਲਿਆਂ ਉਤੇ ਸਖਤ ਕਾਰਵਾਈ ਕੀਤੀ ਜਾਵੇਗੀ। ਉਨ੍ਹਾਂ ਨੇ ਵਿਧਾਨ ਸਭਾ ਵਿੱਚ ਆਮ ਆਦਮੀ ਪਾਰਟੀ ਦੇ ਮੈਂਬਰ ਅਮਨ ਅਰੋੜਾ ਵੱਲੋਂ ਪੇਸ਼ ਕੀਤੇ ਗਏ ਧਿਆਨ ਦਿਵਾਊ ਨੋਟਿਸ ਦੇ ਜਵਾਬ ਵਿੱਚ ਸਦਨ ਨੂੰ ਭਰੋਸਾ ਦਿੱਤਾ ਕਿ ਆਵਾਜ਼ ਪ੍ਰਦੂਸ਼ਣ ਨਾਲ ਸਮਾਜ ਦੇ ਸਾਰੇ ਵਰਗਾਂ ਦੇ ਜੀਵਨ ਖਾਸ ਕਰ ਕੇ ਵਿਦਿਆਰਥੀਆਂ ਨੂੰ ਇਮਤਿਹਾਨਾਂ ਦੀ ਤਿਆਰੀ ਕਰਨ ਵਿੱਚ ਮੁਸ਼ਕਲ ਦਾ ਸਾਹਮਣਾ ਕਰਨਾ ਪੈਂਦਾ ਹੈ, ਇਸ ਲਈ ਇਸ ਉੱਤੇ ਪਾਬੰਦੀ ਲਾਈ ਜਾ ਰਹੀ ਹੈ।



ਮੁੱਖ ਮੰਤਰੀ ਨੇ ਕਿਹਾ ਕਿ ਇਹ ਕਦਮ ਚੁੱਕਣ ਉੱਤੇ ਅਕਾਲ ਤਖਤ ਅਤੇ ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਇਸ ਵਿੱਚ ਇਤਰਾਜ਼ ਨਹੀਂ। ਉਨ੍ਹਾਂ ਕਿਹਾ ਕਿ ਲਾਊਡ ਸਪੀਕਰਾਂ, ਡੀ ਜੇ ਆਦਿ ਦੀ ਵਰਤੋਂ ਖਾਸ ਕਰ ਕੇ ਇਮਤਿਹਾਨ ਦੇ ਦਿਨਾਂ ਵਿੱਚ ਨਹੀਂ ਹੋਣ ਦਿੱਤੀ ਜਾਏਗੀ। ਇਸ ਦੇ ਇਲਾਵਾ ਆਵਾਜ਼ ਪ੍ਰਦੂਸ਼ਣ ਦੇ ਨਿਯਮਾਂ ਦੀ ਉਲੰਘਣਾ ਕਰਨ ਵਾਲਿਆਂ ਦੇ ਖਿਲਾਫ ਸਖਤ ਕਾਰਵਾਈ ਦਾ ਭਰੋਸਾ ਦਿੱਤਾ। ਉਨ੍ਹਾਂ ਕਿਹਾ ਕਿ ਇਸ ਬਾਰੇ ਜ਼ਿਲ੍ਹਾ ਪੁਲਸ, ਪ੍ਰਸ਼ਾਸਨ, ਪ੍ਰਦੂਸ਼ਣ ਰੋਕਥਾਮ ਬੋਰਡ ਅਤੇ ਲੋਕਲ ਬਾਡੀਜ਼ ਵਿਭਾਗ ਨੂੰ ਦਿਸ਼ਾ-ਨਿਰਦੇਸ਼ ਲਾਗੂ ਕਰਨ ਲਈ ਕਿਹਾ ਗਿਆ ਹੈ ਅਤੇ ਕਮਿਸ਼ਨਰਾਂ ਨੂੰ ਦਿਸ਼ਾ-ਨਿਰਦੇਸ਼ ਜਾਰੀ ਕੀਤੇ ਹਨ ਕਿ ਗੁਰਦੁਆਰਿਆਂ/ ਮੰਦਰਾਂ ਵਿੱਚ ਲਾਊਡ ਸਪੀਕਰਾਂ ਦੀ ਵਰਤੋਂ ਤੇ ਮੈਰਿਜ ਪੈਲਿਸਾਂ ਵਿੱਚ ਡੀ ਜੇ ਸਿਸਟਮ ਵਜਾਉਣ ਨਾਲ ਹੋ ਰਹੇ ਆਵਾਜ਼ ਪ੍ਰਦੂਸ਼ਣ ਦੀ ਰੋਕਥਾਮ ਦੇ ਲਈ ਵੀ ਉਚਿਤ ਆਦੇਸ਼ ਜਾਰੀ ਕੀਤੇ ਜਾਣ।

# ਲਾਅ ਅਫਸਰ ਨੂੰ ਵਰਗਲਾ ਕੇ ਲੁੱਟਣ ਵਾਲਾ ਤਾਂਤਰਿਕ ਦੋ ਦਿਨ ਦੇ ਰਿਮਾਂਡ ਉੱਤੇ

*** ਮਾਮਲਾ ਭੂਤ ਭਜਾਉਣ ਬਹਾਨੇ 20 ਲੱਖ ਦਾ ਸੋਨਾ ਠੱਗਣ ਦਾ**

ਜਲੰਧਰ, 26 ਫਰਵਰੀ (ਪੋਸਟ ਬਿਊਰੋ)- ਇਸ ਮਹਾਨਗਰ ਦੇ ਨਿਊ ਵਿਜੇ ਨਗਰ ਦੇ ਵਾਸੀ ਪੁੱਡਾ ਦੇ ਲਾਅ ਅਫਸਰ ਦੇ ਘਰੋਂ ਭੂਤ ਭਜਾਉਣ ਦੇ ਨਾਂਅ ਉੱਤੇ ਜਲੰਧਰ ਤੇ ਉਤਰਾਖੰਡ ਦੇ ਚਾਰ ਤਾਂਤਰਿਕਾਂ ਨੇ 20 ਲੱਖ ਦਾ ਸੋਨਾ ਠੱਗ ਲਿਆ। ਇਸ ਮਾਮਲੇ ਵਿੱਚ ਗ੍ਰਿਫਤਾਰ ਕੀਤੇ ਗਏ ਤਾਂਤਰਿਕ ਮੁਹੰਮਦ ਇਕਰਾਰ ਅਲੀ ਨੂੰ ਕੋਰਟ ਵਿੱਚ ਪੇਸ਼ ਕਰ ਕੇ ਦੋ ਦਿਨ ਦੇ ਰਿਮਾਂਡ 'ਤੇ ਲਿਆ ਗਿਆ ਹੈ ਅਤੇ ਉਸ ਦੇ ਸਾਥੀ ਫਰਾਰ ਦੋਸ਼ੀਆਂ ਸ਼ਹਿਜਾਦ ਅਲੀ, ਹਜ਼ਰਤ ਅਲੀ ਦੀ ਤਲਾਸ਼ ਵਿੱਚ ਜਲੰਧਰ ਪੁਲਸ ਦੀ ਇੱਕ ਟੀਮ ਉਤਰਾਖੰਡ ਭੇਜੀ ਗਈ ਹੈ।

ਵਰਨਣ ਯੋਗ ਹੈ ਕਿ ਥਾਣਾ ਚਾਰ ਦੀ ਪੁਲਸ ਨੂੰ ਪੰਜਾਬ ਅਰਬਨ ਡਿਵੈਲਪਮੈਂਟ ਅਥਾਰਟੀ (ਪੁੱਡਾ) ਦੇ ਇੱਕ ਲਾਅ ਅਫਸਰ ਗੁਰਵਿੰਦਰਦੀਪ ਸਿੰਘ ਪੁੱਤਰ ਗੁਰਮੀਤ ਸਿੰਘ ਵਾਸੀ ਨਿਊ ਵਿਜੇ ਨਗਰ ਨੇ ਦੱਸਿਆ ਕਿ ਉਸ ਦੇ ਘਰ ਲੰਬੇ ਸਮੇਂ ਤੋਂ ਪ੍ਰੇਸ਼ਾਨੀਆਂ ਚੱਲ ਰਹੀਆਂ ਸਨ। ਉਹ ਪਹਿਲਾਂ ਪਾਈਪ ਫਿਟਿੰਗ ਦੀ ਫੈਕਟਰੀ ਚਲਾਉਂਦੇ ਸਨ, ਪਰ ਫੈਕਟਰੀ ਆਰਥਿਕ ਤੰਗੀ ਕਾਰਨ ਬੰਦ ਕਰਨੀ ਪਈ। ਫਿਰ ਇੱਕ ਨਿੱਜੀ ਕਾਲਜ ਵਿੱਚ ਲੈਕਚਰਾਰ ਲੱਗੀ ਉਸ ਦੀ ਪਤਨੀ ਦੀ ਨੌਕਰੀ ਵੀ ਛੁੱਟ ਗਈ। ਉਹ ਪੁੱਡਾ ਵਿੱਚ ਲਾਅ ਅਫਸਰ ਦੀ ਨੌਕਰੀ ਕਰਨ ਲੱਗ ਪਿਆ ਤਾਂ ਕੁਝ ਸਮੇਂ ਤੋਂ ਉਨ੍ਹਾਂ ਦੇ ਸੱਤ ਸਾਲ ਦੇ ਬੇਟੇ ਦੀ ਇੱਕ ਅੱਖ ਦੀ ਰੋਸ਼ਨੀ ਘੱਟ ਹੋ ਗਈ ਅਤੇ ਦੂਸਰੀ ਅੱਖ ਵਿੱਚ ਵੀ ਥੋੜ੍ਹੀ ਪ੍ਰਾਬਲਮ ਸ਼ੁਰੂ ਹੋ ਗਈ ਹੈ। ਇਸ ਲਈ ਉਹ ਕੁਝ ਸਮੇਂ ਤੋਂ ਘਰੇਲੂ ਪ੍ਰੇਸ਼ਾਨੀਆਂ ਨਾਲ ਘਿਰਿਆ ਹੋਇਆ ਸੀ ਤੇ ਇਸ ਛੁਟਕਾਰਾ ਪਾਉਣ ਲਈ ਤਾਂਤਰਿਕਾਂ ਦੇ ਚੱਕਰ ਵਿੱਚ ਪੈ ਗਿਆ। ਗੁਰਵਿੰਦਰ ਦੇ ਅਨੁਸਾਰ ਕੁਝ ਦਿਨ ਪਹਿਲਾਂ ਉਸ ਦੇ ਇੱਕ ਜਾਣੂੰ ਨੇ ਮੁਹੰਮਦ ਇਕਰਾਰ ਅਲੀ ਨਾਂਅ ਦੇ ਤਾਂਤਰਿਕ ਦੇ ਬਾਰੇ ਦੱਸਿਆ। ਉਸ ਉਸ ਦੇ ਕੋਲ ਗਿਆ ਅਤੇ ਆਪਣੀ ਸਮੱਸਿਆ ਦੱਸੀ ਤਾਂ ਮੁਹੰਮਦ ਇਕਰਾਰ ਅਲੀ ਨੇ ਕਿਹਾ ਕਿ ਉਸ ਦਾ ਇਹ ਕੰਮ ਉਤਰਾਖੰਡ ਵਿੱਚ ਰਹਿੰਦੇ ਤਾਂਤਰਿਕ ਸ਼ਹਿਜਾਦ ਅਲੀ ਹਜ਼ਰਤ ਅਲੀ ਕਰ ਸਕਦੇ ਹਨ। ਇਸ ਦੇ ਪਿੱਛੋਂ ਉਸ ਨੂੰ ਵਰਗਲਾ ਕੇ ਤਾਂਤਰਿਕਾਂ ਨੇ 20 ਲੱਖ ਰੁਪਏ ਦਾ ਸੋਨਾ ਠੱਗ ਲਿਆ।

## ਪੁਲਸ ਮੁਲਾਜ਼ਮ ਦੇ ਘਰ ਵਿੱਚੋਂ 14 ਤੋਲੇ ਸੋਨਾ ਤੇ ਤਿੰਨ ਲੱਖ ਰੁਪਏ ਦੀ ਨਕਦੀ ਚੋਰੀ

ਜਲੰਧਰ, 26 ਫਰਵਰੀ (ਪੋਸਟ ਬਿਊਰੋ)- ਥਾਣਾ ਰਾਮਾ ਮੰਡੀ ਹੇਠਲੇ ਦਸ਼ਮੇਸ਼ ਨਗਰ ਵਿੱਚ ਇਕ ਪੁਲਸ ਮੁਲਾਜ਼ਮ ਦੇ ਘਰ ਤੋਂ ਚੋਰਾਂ ਨੇ 14 ਤੋਲੇ ਸੋਨੇ ਦੇ ਗਹਿਣੇ ਅਤੇ ਤਿੰਨ ਲੱਖ ਰੁਪਏ ਦੀ ਨਕਦੀ ਲੁੱਟ ਲਈ ਹੈ।



ਪੀ ਏ ਪੀ ਵਿੱਚ ਏ ਐੱਸ ਆਈ ਗੁਰਵਿੰਦਰ ਸਿੰਘ ਨੇ ਪੁਲਸ ਨੂੰ ਦੱਸਿਆ ਕਿ ਉਹ ਆਪਣੇ ਨਿੱਜੀ ਕੰਮ ਵਾਸਤੇ ਪਰਵਾਰ ਸਮੇਤ ਦੋ ਦਿਨ ਪਹਿਲਾਂ ਸ਼ਹਿਰ ਤੋਂ ਬਾਹਰ ਗਏ ਸਨ। ਕੱਲ੍ਹ ਜਦ ਉਹ ਘਰ ਪਹੁੰਚੇ ਤਾਂ ਉਨ੍ਹਾਂ ਦੇ ਦਰਵਾਜ਼ੇ 'ਤੇ ਲੱਗੇ ਤਾਲੇ ਟੁੱਟੇ ਹੋਏ ਸਨ। ਉਹ ਘਰ ਦੇ ਅੰਦਰ ਦਾਖਲ ਹੋਏ ਤਾਂ ਦੇਖਿਆ ਕਿ ਬੈੱਡਰੂਮ ਵਿੱਚ ਰੱਖੀ ਅਲਮਾਰੀ ਦਾ ਸਾਮਾਨ ਖਿਲਰਿਆ ਪਿਆ ਸੀ। ਉਨ੍ਹਾਂ ਨੇ ਅਲਮਾਰੀ ਚੈੱਕ ਕੀਤੀ, ਜਿਸ ਵਿੱਚ ਰੱਖੇ ਕਰੀਬ 13 ਤੋਲੇ ਦੇ ਸੋਨੇ ਦੇ ਵੱਖ-ਵੱਖ ਗਹਿਣੇ ਅਤੇ ਕਰੀਬ ਤਿੰਨ ਲੱਖ ਰੁਪਏ ਦੀ ਨਕਦੀ ਸੀ, ਪਰ ਉਹ ਚੋਰੀ ਹੋ ਚੁੱਕੀ ਸੀ। ਥਾਣਾ ਰਾਮਾਮੰਡੀ ਪੁਲਸ ਨੇ ਉਨ੍ਹਾਂ ਦੇ ਬਿਆਨ 'ਤੇ ਅਣਪਛਾਤੇ ਵਿਅਕਤੀ ਦੇ ਖਿਲਾਫ ਕੇਸ ਦਰਜ ਕਰ ਕੇ ਮਾਮਲੇ ਦੀ ਜਾਂਚ ਸ਼ੁਰੂ ਕਰ ਦਿੱਤੀ ਹੈ।

ਦਕੋਹਾ ਚੌਕੀ ਦੇ ਏ ਐੱਸ ਆਈ ਕੁਲਦੀਪ ਸਿੰਘ ਨੇ ਦੱਸਿਆ ਕਿ ਪੁਲਸ ਨੇ ਇਲਾਕੇ ਵਿੱਚ ਰਹਿੰਦੇ ਸ਼ੱਕੀ ਲੋਕਾਂ ਤੋਂ ਪੁੱਛਗਿੱਛ ਸ਼ੁਰੂ ਕਰ ਦਿੱਤੀ ਹੈ ਅਤੇ ਇਲਾਕੇ ਵਿੱਚ ਲੱਗੇ ਸੀ ਸੀ ਟੀ ਵੀ ਕੈਮਰਿਆਂ ਦੀ ਫੁਟੇਜ ਫੋਲ ਰਹੇ ਹਨ। ਕੁਲਦੀਪ ਨੇ ਦੱਸਿਆ ਕਿ ਪ੍ਰਤੀਤ ਹੁੰਦਾ ਹੈ ਕਿ ਅਪਰਾਧੀਆਂ ਨੂੰ ਇਸ ਗੱਲ ਦਾ ਪਤਾ ਸੀ ਕਿ ਪਰਵਾਰ ਸਮੇਤ ਸ਼ਹਿਰ ਤੋਂ ਬਾਹਰ ਜਾ ਰਿਹਾ ਹੈ। ਉਨ੍ਹਾਂ ਨੂੰ ਪਤਾ ਸੀ ਕਿ ਘਰ ਦੀ ਅਲਮਾਰੀ ਵਿੱਚ ਲੱਖਾਂ ਰੁਪਏ ਦੀ ਨਕਦੀ ਅਤੇ ਸੋਨੇ ਦੇ ਗਹਿਣੇ ਹਨ।

## ਬੇਕਾਬੂ ਹੋ ਕੇ ਕਾਰ ਨਹਿਰ ਵਿੱਚ ਡਿੱਗਣ ਨਾਲ ਇਕ ਦੀ ਮੌਤ

ਰਾਮਾਂ ਮੰਡੀ, 26 ਫਰਵਰੀ (ਪੋਸਟ ਬਿਊਰੋ)- ਨਥੇਹਾ ਤੇ ਸੁਰਤੀਆ ਪਿੰਡਾਂ ਦੇ ਵਿਚਾਲੇ ਇੱਕ ਕਾਰ ਬੇਕਾਬੂ ਹੋ ਕੇ ਭਾਖੜਾ ਨਹਿਰ 'ਚ ਡਿੱਗਣ ਕਾਰਨ ਕਾਰ ਚਾਲਕ ਦੀ ਮੌਕੇ 'ਤੇ ਮੌਤ ਹੋ ਗਈ ਅਤੇ ਕਾਰ ਸਵਾਰ ਦੋ ਲੜਕੀਆਂ ਨੂੰ ਪੁਲਸ ਵੱਲੋਂ ਸਹੀ ਸਲਾਮਤ ਬਾਹਰ ਕੱਢ ਲਿਆ ਗਿਆ। ਉਥੇ ਮੌਜੂਦ ਲੋਕਾਂ ਦੇ ਦੱਸਣ ਅਨੁਸਾਰ ਸ਼ਾਮ ਲਾਲ, ਕੱਲ੍ਹ ਆਪਣੀ ਕਾਰ ਰਾਹੀਂ ਆਪਣੀਆਂ ਦੋ ਧੀ ਰੀਤੂ ਅਤੇ ਚੀਨਾ ਨਾਲ ਰਿਸ਼ਤੇਦਾਰੀ 'ਚ ਜਾ ਰਿਹਾ ਸੀ। ਰਸਤੇ ਵਿੱਚ ਨਥੇਹਾ ਅਤੇ ਸੁਰਤੀਆ ਪਿੰਡਾਂ ਦੇ ਵਿਚਕਾਰ ਭਾਖੜਾ ਨਹਿਰ 'ਤੇ ਨਵੇਂ ਬਣੇ ਪੁਲ ਦੇ ਨੇੜੇ ਕਾਰ ਚਾਲਕ ਨੂੰ ਫੋਨ ਆਇਆ। ਉਸ ਨੇ ਕਾਰ ਖੜੀ ਕਰਕੇ ਫੋਨ ਸੁਣਨ ਤੋਂ ਬਾਅਦ ਜਦ ਕਾਰ ਅੱਗੇ ਤੋਰੀ ਤਾਂ ਉਹ ਬੇਕਾਬੂ ਹੋ ਕੇ ਭਾਖੜਾ ਨਹਿਰ 'ਚ ਜਾ ਡਿੱਗੀ, ਜਿਸ ਨੂੰ ਵੇਖ ਕੇ ਖੇਤਾਂ ਵਿੱਚ ਕੰਮ ਕਰਦੇ ਮਜ਼ਦੂਰ ਤੇ ਕਿਸਾਨ ਤੁਰੰਤ ਮੌਕੇ 'ਤੇ ਪੁੱਜੇ। ਲੋਕਾਂ ਨੇ ਪੁਲਸ ਨੂੰ ਸੂਚਨਾ ਦਿੱਤੀ ਅਤੇ ਕਾਰ ਨੂੰ ਨਹਿਰ ਵਿਚੋਂ ਕੱਢਿਆ। ਦੋਵੇਂ ਲੜਕੀਆਂ ਤਾਂ ਸਹੀ ਸਲਾਮਤ ਸਨ, ਪਰ ਕਾਰ ਚਾਲਕ ਸ਼ਾਮ ਲਾਲ ਦੀ ਮੌਤ ਹੋ ਚੁੱਕੀ ਸੀ।

# ਗੈਂਗਸਟਰ ਸੁੱਖਾ ਕਾਹਲਵਾਂ ਦੇ ਕਤਲ ਕੇਸ ਵਿੱਚ ਸਾਰੇ ਦੋਸ਼ੀ ਬਰੀ

ਕਪੂਰਥਲਾ, 26 ਫਰਵਰੀ (ਪੋਸਟ ਬਿਊਰੋ)- ਪੰਜਾਬ ਦੇ ਬਹੁ-ਚਰਚਿਤ ਗੈਂਗਸਟਰ ਸੁੱਖਾ ਕਾਹਲਵਾਂ ਕਤਲ ਕੇਸ ਵਿਚ ਐਡੀਸਨਲ ਸੈਸ਼ਨ ਜੱਜ ਕਪੂਰਥਲਾ ਮੁਨੀਸ਼ ਅਰੋੜਾ ਦੀ ਅਦਾਲਤ ਨੇ ਸਾਰੇ ਅੱਠ ਦੋਸ਼ੀਆਂ ਨੂੰ ਬਾ-ਇੱਜ਼ਤ ਬਰੀ ਕਰ ਦਿੱਤਾ ਹੈ। ਇਸ ਕੇਸ ਦੀ ਖਾਸ ਗੱਲ ਇਹ ਹੈ ਕਿ ਪੁਲਸ ਅਫਸਰਾਂ ਅਤੇ ਵਾਰਦਾਤ ਵੇਲੇ ਮੌਜੂਦ ਚਸ਼ਮਦੀਦ ਗਵਾਹਾਂ ਨੇ ਗ੍ਰਿਫਤਾਰ ਕੀਤੇ ਸਾਰੇ ਮੁਲਜ਼ਮਾਂ ਨੂੰ ਪਛਾਨਣ ਤੋਂ ਇਨਕਾਰ ਕਰ ਦਿੱਤਾ ਸੀ।



ਸੁੱਖਾ ਕਾਹਲਵਾਂ ਦੀ ਫਾਇਲ ਫੋਟੋ।

ਵਰਨਣ ਯੋਗ ਹੈ ਕਿ 21 ਜਨਵਰੀ 2015 ਨੂੰ ਗੈਂਗਸਟਰ ਸੁੱਖਾ ਕਾਹਲਵਾਂ ਨੂੰ ਗੌਂਡਰ ਗੈਂਗ ਨੇ ਓਦੋਂ ਮਾਰ ਦਿੱਤਾ ਸੀ, ਜਦੋਂ ਸੁੱਖੇ ਨੂੰ ਜਲੰਧਰ ਵਿੱਚ ਪੇਸ਼ੀ ਤੋਂ ਬਾਅਦ ਪੁਲਸ ਨਾਭਾ ਜੇਲ ਲੈ ਕੇ ਜਾ ਰਹੀ ਸੀ। ਇਸ ਦੌਰਾਨ ਫਗਵਾੜਾ ਨੇੜੇ ਹਥਿਆਰਬੰਦ ਬਦਮਾਸ਼ਾਂ ਨੇ ਪੁਲਸ ਕਸਟੱਡੀ ਵਿਚ ਸੁੱਖਾ ਕਾਹਲਵਾਂ ਨੂੰ ਗੋਲੀਆਂ ਮਾਰ ਕੇ ਮਾਰ ਦਿੱਤਾ ਸੀ। ਇਸ ਕੇਸ ਦੀ ਸੁਣਵਾਈ ਐਡੀਸ਼ਨਲ ਸੈਸ਼ਨ ਜੱਜ ਕਪੂਰਥਲਾ ਮਨੀਸ਼ ਅਰੋੜਾ ਦੀ ਅਦਾਲਤ ਵਿਚ ਹੋ ਰਹੀ ਸੀ। ਇਸ ਵਿਚ 5 ਪੁਲਸ ਮੁਲਾਜ਼ਮਾਂ ਤੇ ਇੱਕ ਚਸ਼ਮਦੀਦ ਨੂੰ ਗਵਾਹ ਵਜੋਂ ਪੇਸ਼ ਕੀਤਾ ਗਿਆ ਸੀ, ਜੋ ਵਾਰਦਾਤ ਵੇਲੇ ਵੈਨ ਵਿਚ ਸੁੱਖਾ ਕਾਹਲਵਾਂ ਦੇ ਨਾਲ ਸਨ। ਇਸ ਕਤਲ ਕਾਂਡ ਵਿਚ ਪੁਲਸ ਨੇ 13 ਗੈਂਗਸਟਰਾਂ ਨੂੰ ਫੜਿਆ ਸੀ, ਜਿਨ੍ਹਾਂ ਵਿਚੋਂ 8 ਦੀ ਪੁਲਸ ਨੇ ਗ੍ਰਿਫਤਾਰੀ ਪਾਈ ਸੀ। ਪੰਜ ਪੁਲਸ ਮੁਲਾਜ਼ਮਾਂ ਤੇ ਇੱਕ ਚਸ਼ਮਦੀਦ ਗਵਾਹ ਨੇ ਸਾਰੇ 8 ਦੋਸ਼ੀਆਂ ਨੂੰ ਪਛਾਨਣ ਤੋਂ ਇਨਕਾਰ ਕਰ ਦਿੱਤਾ ਸੀ। ਸੂਤਰਾਂ ਮੁਤਾਬਕ ਪੁਲਸ ਵਾਲਿਆਂ ਵਿਚ ਇਕ ਏ ਐੱਸ ਆਈ ਤੇ ਇਕ ਡਰਾਈਵਰ ਸ਼ਾਮਲ ਹੈ ਤੇ ਉਨ੍ਹਾਂ ਨੇ ਅਦਾਲਤ ਵਿੱਚ ਕਿਹਾ ਸੀ ਕਿ ਫਾਇਰਿੰਗ ਵੈਨ ਦੇ ਪਿੱਛੋਂ ਹੋਈ ਸੀ, ਜਿਸ ਕਾਰਨ ਉਹ ਕਿਸੇ ਗੈਂਗਸਟਰ ਨੂੰ ਨਹੀਂ ਦੇਖ ਸਕੇ। ਵੈਨ ਵਿਚ ਸੁੱਖੇ ਦੇ ਨਾਲ ਮੌਜੂਦ ਰਾਣਾ ਪ੍ਰਤਾਪ ਨੇ ਕਿਹਾ ਕਿ ਜਦੋਂ ਫਾਇਰਿੰਗ ਹੋਈ ਤਾਂ ਪੁਲਸ ਨੇ ਉਸ ਦਾ ਸਿਰ ਹੇਠਾਂ ਕਰ ਦਿੱਤਾ ਅਤੇ ਉਹ ਕੁਝ ਦੇਖ ਨਹੀਂ ਸਕਿਆ ਅਤੇ ਉਸ ਨੂੰ ਸਿਰਫ ਗੋਲੀਆਂ ਚੱਲਣ ਦੀ ਆਵਾਜ਼ ਸੁਣਾਈ ਦਿੱਤੀ ਸੀ।

## ਲਾਇਸੈਂਸ ਨਾ ਬਣਾਉਣ ਕਾਰਨ ਪੁਲਸ ਕਮਿਸ਼ਨਰ ਦਫਤਰ ਅਟੈਚ ਕਰਨ ਦੇ ਹੁਕਮ ਜਾਰੀ

ਲੁਧਿਆਣਾ, 26 ਫਰਵਰੀ (ਪੋਸਟ ਬਿਊਰੋ)- ਅਦਾਲਤੀ ਹੁਕਮਾਂ ਦੇ ਬਾਵਜੂਦ ਇਕ ਵਿਅਕਤੀ ਦਾ ਅਸਲਾ ਲਾਇਸੈਂਸ ਨਾ ਬਣਾਉਣ ਤੋਂ ਬਾਅਦ ਜੱਜ ਸ੍ਰੀਮਤੀ ਸੁਮਿਤ ਸੱਭਰਵਾਲ ਨੇ ਪੁਲਸ ਕਮਿਸ਼ਨਰ ਦਫਤਰ ਦਾ ਫਰਨੀਚਰ ਅਟੈਚ ਕਰਨ ਦੇ ਹੁਕਮ ਦੇ ਦਿੱਤੇ ਤੇ ਹੁਕਮਾਂ ਦੀ ਪਾਲਣਾ ਕਰਨ ਲਈ ਅਦਾਲਤ ਦੇ ਅਫਸਰ ਉਥੇ ਪੁੱਜ ਗਏ।

ਅਦਾਲਤ ਦੇ ਮੁਲਾਜ਼ਮਾਂ ਨੇ ਪੁਲਸ ਕਮਿਸ਼ਨਰ ਦਫਤਰ ਦੀ ਪੂਰੀ ਸੂਚੀ ਬਣਾ ਲਈ, ਜਿਸ ਨੂੰ ਅੱਗੇ ਕਾਰਵਾਈ ਲਈ ਅਦਾਲਤ ਵਿੱਚ ਪੇਸ਼ ਕੀਤਾ ਜਾਵੇਗਾ। ਇਸ ਦੀ ਅਗਲੀ ਸੁਣਵਾਈ ਪੰਜ ਮਾਰਚ ਨੂੰ ਹੋਵੇਗੀ। ਇਸ ਬਾਰੇ ਵਕੀਲ ਰਾਜੇਸ਼ ਬਾਤਿਸ਼ ਨੇ ਦੱਸਿਆ ਕਿ ਦੁਰਗਾਪੁਰੀ (ਹੈਬੋਵਾਲ) ਦੇ ਅਮਨਦੀਪ ਸਿੰਘ ਨੇ ਸਾਲ 2012 ਵਿੱਚ ਅਸਲਾ ਲਾਇਸੈਂਸ ਲਈ ਅਪਲਾਈ ਕੀਤਾ ਸੀ, ਪਰ ਪੁਲਸ ਕਮਿਸ਼ਨਰ ਦਫਤਰ ਨੇ ਲਾਇਸੈਂਸ ਜਾਰੀ ਕਰਨ ਤੋਂ ਨਾਂਹ ਕਰ ਦਿੱਤੀ। 21 ਅਕਤੂਬਰ 2014 ਨੂੰ ਪੀੜਤ ਨੇ ਕਮਿਸ਼ਨਰ ਦਫਤਰ ਦੇ ਖਿਲਾਫ ਕੇਸ ਦਾਇਰ ਕਰ ਦਿੱਤਾ ਅਤੇ 21 ਜੁਲਾਈ 2016 ਨੂੰ ਅਦਾਲਤ ਨੇ ਸੁਣਵਾਈ ਤੋਂ ਬਾਅਦ ਡਿਗਰੀ ਪਾਸ ਕਰ ਕੇ ਕਮਿਸ਼ਨਰ ਦਫਤਰ ਨੂੰ ਲਾਇਸੈਂਸ ਜਾਰੀ ਕਰਨ ਦੇ ਹੁਕਮ ਜਾਰੀ ਕੀਤੇ ਸਨ। ਇਸ ਤੋਂ ਬਾਅਦ ਵੀ ਉਸ ਨੂੰ ਲਾਇਸੈਂਸ ਜਾਰੀ ਨਹੀਂ ਕੀਤਾ ਗਿਆ। ਆਖਰ ਸਾਲ 2018 'ਚ ਅਦਾਲਤ ਦੇ ਹੁਕਮਾਂ ਦੀ ਪਾਲਣਾ ਕਰਵਾਉਣ ਲਈ ਮੁੜ ਅਦਾਲਤ ਨੇ ਹੁਕਮ ਦਿੱਤਾ। ਪੁਲਸ ਕਮਿਸ਼ਨਰ ਦਫਤਰ ਨੇ ਅਦਾਲਤ ਨੂੰ ਮੁੜ ਲਾਇਸੈਂਸ ਜਾਰੀ ਕਰਨ 'ਤੇ ਕੁਝ ਇਤਰਾਜ਼ ਲਾ ਦਿੱਤੇ, ਜਿਨ੍ਹਾਂ 'ਤੇ ਸੁਣਵਾਈ ਪਿੱਛੋਂ ਅਦਾਲਤ ਨੇ ਸਾਰੇ ਇਤਰਾਜ਼ ਖਤਮ ਕਰ ਦਿੱਤੇ ਤੇ 11 ਫਰਵਰੀ 2019 ਨੂੰ ਕਮਿਸ਼ਨਰ ਦਫਤਰ ਨੂੰ ਅਟੈਚ ਕਰਨ ਦਾ ਹੁਕਮ ਦੇ ਦਿੱਤਾ।

# ਬ੍ਰਿਟੇਨ ਦੇ ਨਾਗਰਿਕ ਨਾਲ ਝੂਠਾ ਵਿਆਹ ਕਰ ਕੇ 22 ਲੱਖ ਠੱਗੇ

ਮੋਗਾ, 26 ਫਰਵਰੀ (ਪੋਸਟ ਬਿਊਰੋ)- ਇਥੇ ਇਕ ਵਿਆਹੁਤਾ ਨੇ ਖੁਦ ਨੂੰ ਕੁਆਰੀ ਦੱਸ ਕੇ ਭਾਰਤੀ ਮੂਲ ਦੇ ਬ੍ਰਿਟੇਨ ਦੇ ਜੰਮਪਲ ਨਾਗਰਿਕ ਨਾਲ ਝੂਠਾ ਵਿਆਹ ਕਰ ਕੇ 22 ਲੱਖ ਰੁਪਏ ਠੱਗ ਲਏ। ਇਸ ਪਿੱਛੋਂ ਰਵਾਸੀ ਪੰਜਾਬੀ ਪਰਵਾਰ ਦੀ ਲੱਖਾਂ ਰੁਪਏ ਦੀ ਕੋਠੀ ਉਤੇ ਕਬਜ਼ਾ ਕਰਨ ਤੋਂ ਇਸ ਔਰਤ ਦਾ ਰਾਜ ਖੁੱਲ੍ਹ ਗਿਆ। ਡੀ ਐਸ ਪੀ ਬਾਘਾਪੁਰਾਣਾ ਜਸਪਾਲ ਸਿੰਘ ਧਾਮੀ ਨੇ ਦੱਸਿਆ ਕਿ ਪੀੜਤ ਪਰਵਾਰ ਦੀ ਸ਼ਿਕਾਇਤ ਉਤੇ ਡੀ ਐਸ ਪੀ (ਸ) ਦੀ ਮੁੱਢਲੀ ਪੜਤਾਲ ਮਗਰੋਂ ਥਾਣਾ ਬਾਘਾਪੁਰਾਣਾ ਵਿੱਚ ਕੁਲਵਿੰਦਰ ਕੌਰ, ਉਸ ਦੇ ਪਹਿਲੇ ਪਤੀ ਲਖਵੀਰ ਸਿੰਘ, ਮਾਂ ਸੁਰਜੀਤ ਕੌਰ, ਭਰਾ ਸ਼ਮਸ਼ੇਰ ਸਿੰਘ ਪਿੰਡ ਡਰੋਲੀ ਭਾਈ ਅਤੇ ਨਸੀਬ ਕੌਰ ਪਿੰਡ ਮਨਸੂਰਵਾਲ ਜ਼ਿਲਾ ਫਿਰੋਜ਼ਪੁਰ ਦੇ ਖਿਲਾਫ ਕੇਸ ਦਰਜ ਕੀਤਾ ਗਿਆ ਹੈ। ਵਿਆਹੁਤਾ ਨੇ ਪਤੀ ਲਖਵੀਰ ਸਿੰਘ ਦੀ ਮਿਲੀਭੁਗਤ ਨਾਲ ਬ੍ਰਿਟੇਨ ਦੇ ਨਾਗਰਿਕ ਨੂੰ ਠੱਗਣ ਦੇ ਲਈ ਵਿਆਹ ਕਰਾਇਆ ਸੀ। ਦੋਸ਼ੀ ਕੁਲਵਿੰਦਰ ਕੌਰ ਦਾ ਸਾਲ 2013 ਵਿੱਚ ਸੁਖਦੇਵ ਸਿੰਘ ਨਾਲ ਵਿਆਹ ਹੋਇਆ ਸੀ। ਇਸ ਪਿੱਛੋਂ ਸਾਲ 2014 ਵਿੱਚ ਉਸ ਨੇ ਲਖਵੀਰ ਸਿੰਘ ਪਿੰਡ ਰੋਡੇ ਨਾਲ ਵਿਆਹ ਕਰ ਲਿਆ। ਇਸੇ ਦੌਰਾਨ ਪਿੰਡ ਰੋਡੇ ਵਿੱਚ ਬ੍ਰਿਟੇਨ ਦੇ ਜੰਮਪਲ ਮਨਪ੍ਰੀਤ ਸਿੰਘ ਪਿੰਡ ਚੰਦਪੁਰਾਣਾ ਦਾ ਕੁਲਵਿੰਦਰ ਕੌਰ ਨਾਲ ਸੰਪਰਕ ਹੋ ਗਿਆ ਅਤੇ ਦੋਵਾਂ ਨੇ ਵਿਆਹ ਕਰਵਾ ਲਿਆ। ਕੁਲਵਿੰਦਰ ਨੇ ਕਾਨੂੰਨੀ ਤੌਰ 'ਤੇ ਤਲਾਕ ਨਹੀਂ ਲਏ ਸਨ ਤੇ ਮਨਪ੍ਰੀਤ ਨਾਲ ਵਿਆਹ ਦੀ ਰਜਿਸਟਰੇਸ਼ਨ ਕਰਵਾਉਣ ਸਮੇਂ ਆਪਣੇ ਆਪ ਨੂੰ ਕੁਆਰੀ ਦੱਸਿਆ ਸੀ।

## ਜੂਏ ਵਿੱਚ 200 ਰੁਪਏ ਦੇ ਝਗੜੇ ਵਿੱਚ ਬੈਟ ਮਾਰ ਕੇ ਗੁਆਂਢੀ ਦਾ ਕਤਲ

ਲੁਧਿਆਣਾ, 26 ਫਰਵਰੀ (ਪੋਸਟ ਬਿਊਰੋ)- ਤਾਜਪੁਰ ਰੋਡ ਇਲਾਕੇ ਵਿੱਚ ਜੂਏ ਦੇ 200 ਰੁਪਏ ਕਾਰਨ ਦੋ ਧਿਰਾਂ ਵਿੱਚ ਖੂਨੀ ਟਕਰਾਅ ਹੋ ਗਿਆ ਤਾਂ ਛੁਡਾਉਣ ਆਏ ਗੁਆਂਢੀ ਦੇ ਸਿਰ 'ਤੇ ਇੱਕ ਧਿਰ ਨੇ ਬੈਟ ਮਾਰ ਦਿੱਤਾ, ਜਿਸ ਨਾਲ ਉਸ ਦੀ ਮੌਤ ਹੋ ਗਈ ਅਤੇ ਚਾਰ ਜਣੇ ਜ਼ਖਮੀ ਹੋ ਗਏ। ਮ੍ਰਿਤਕ ਦੀ ਪਛਾਣ ਕਾਮਦੇਵ (45) ਦੇ ਰੂਪ ਵਿੱਚ ਹੋਈ ਹੈ। ਪੁਲਸ ਨੇ ਦੋਸ਼ੀ ਵਿਜੇ, ਸੰਜੇ, ਪੰਕਜ ਸਮੇਤ ਚਾਰ ਨੂੰ ਗ੍ਰਿਫਤਾਰ ਕਰ ਲਿਆ ਤੇ ਬਾਕੀ ਦੀ ਤਲਾਸ਼ ਕੀਤੀ ਜਾ ਰਹੀ ਹੈ।

ਕਾਮਦੇਵ ਦੇ ਭਰਾ ਦਲੀਪ ਨੇ ਦੱਸਿਆ ਕਿ ਐਤਵਾਰ ਉਸ ਦੇ ਭਰਾ ਦੇ ਗੁਆਂਢੀ ਰਾਜ ਕੁਮਾਰ ਦਾ ਦੋਸ਼ੀਆਂ ਦੇ ਨਾਲ ਜੂਏ ਦੇ 200 ਰੁਪਏ ਲਈ ਝਗੜਾ ਹੋ ਗਿਆ ਜਿਸ ਨੂੰ ਸ਼ਾਂਤ ਕਰਾ ਦਿੱਤਾ ਸੀ। ਸ਼ਾਮ ਨੂੰ ਦੋਸ਼ੀਆਂ ਨੇ ਆਪਣੇ ਸਾਥੀਆਂ ਨਾਲ ਰਾਜ ਕੁਮਾਰ ਦੇ ਘਰ ਉੱਤੇ ਹਮਲਾ ਕਰ ਦਿੱਤਾ। ਕਾਮਦੇਵ ਦੋਵਾਂ ਧਿਰਾਂ ਨੂੰ ਛੁਡਾਉਣ ਲਈ ਗਿਆ। ਦੋਸ਼ੀਆਂ ਨੇ ਕਾਮਦੇਵ ਦੇ ਸਿਰ 'ਤੇ ਬੈਟ ਮਾਰ ਕੇ ਕਤਲ ਕਰ ਦਿੱਤਾ। ਇਸ ਘਟਨਾ ਦੌਰਾਨ ਕਈ ਲੋਕ ਖੜ੍ਹੇ ਸਨ, ਪਰੰਤੂ ਉਨ੍ਹਾਂ ਨੇ ਝਗੜਾ ਛੁਡਾਉਣ ਦੀ ਬਜਾਏ ਵੀਡੀਓ ਬਣਾਉਣੀ ਸ਼ੁਰੂ ਕਰ ਦਿੱਤੀ। ਇਸੇ ਵੀਡੀਓ ਵਿੱਚ ਦੋਸ਼ੀ ਕਾਮਦੇਵ ਨੂੰ ਕੁੱਟ ਰਹੇ ਹਨ। ਉਥੇ, ਉਸ ਦੀ ਮੌਤ ਹੋ ਜਾਂਦੀ। ਪੁਲਸ ਵੀਡੀਓ ਦੇ ਆਧਾਰ 'ਤੇ ਬਾਕੀ ਦੋਸ਼ੀਆਂ ਦੀ ਪਛਾਣ ਕਰ ਰਹੀ ਹੈ।

We Provide services:
• Corporation Registration
• Corporation Tax Returns
• Personal Tax Retruns
• Accounting • Book - Keeping
• H.S.T • WSIB • T4 • E-File
• Assistance in Audit with CRA
CPA CHARTERED PROFESSIONAL ACCOUNTANTS
Kamaljeet Singh Saini CPA, CGA
Chartered Professional Accountants
Off: 905-799-6292
Email: kamalgirn@gmail.com

7956 Torbram Rd, Unit #209, Brampton, ON L6T 5A2 Fax: 905-291-0741

A/Z Drivers Needed/ਡਰਾਈਵਰਾਂ ਦੀ ਲੋੜ
➡ Team Drivers Needed Immediately
➡ Dedicated AutoPart Runs To Texas, Missouri, Kansas
➡ Permanent Schedule for whole year
➡ Always Go to same Shippers No Waiting at All
➡ Highest Pay Rate Package Plus HST
➡ New Model Volvo Trucks
➡ Paid Every Week On Friday
➡ 20,000 to 24,00 Miles in a Month
➡ Always Home At Weekends
➡ Can Work From Brampton, Woodstock or London
- Autoparts ਦੇ ਡੇਡੀਕੇਟਡ ਰਨ ਵਾਸਤੇ ਟੀਮ ਡਰਾਈਵਰਾਂ ਦੀ ਲੋੜ ਹੈ
- Texas, Missouri ਅਤੇ Kansas ਡੈਡੀਕੇਟਡ ਰਨ ਲਈ ਲੋੜ ਹੈ
- 2018 ਦੇ ਵੋਲਵੋ ਬਰੈਂਡ ਨੀਊ ਟਰੱਕ, ਵੀਕਐਂਡ ਹਮੇਸ਼ਾ ਘਰ
- ਹਰ ਮਹੀਨੇ 20,000 ਤੋਂ 24,000 miles ਅਤੇ Pay Every Week
"ਨਵੇਂ ਡਰਾਈਵਰ ਵੀ ਅਪਲਾਈ ਕਰ ਸਕਦੇ ਹਨ"
New Drivers Are Also Welcome, We Give Paid Training With Full Time Job
For Further Information Contact: 6476253344

www.AREA REALTOR.com
Multi Award Winner Realtor
CENTURY 21 PRESIDENT

KAMAL SANDHU
Sales Representative
647.891.0143
905.488.2100 ext. 407



## ਜਸਟਿਸ ਸੇਨ ਦੀ 'ਹਿੰਦੂ ਰਾਸ਼ਟਰ' ਵਾਲੀ ਟਿੱਪਣੀ ਉਤੇ ਸੁਪਰੀਮ ਕੋਰਟ ਸੁਣਵਾਈ ਕਰੇਗਾ



ਨਵੀਂ ਦਿੱਲੀ, 26 ਫਰਵਰੀ (ਪੋਸਟ ਬਿਊਰੋ)- ਮੇਘਾਲਿਆ ਹਾਈ ਕੋਰਟ ਦੇ ਜੱਜ ਜਸਟਿਸ ਸੁਦੀਪ ਰੰਜਨ ਸੇਨ ਦੀ ਟਿੱਪਣੀ ਦੇ ਖਿਲਾਫ ਦਾਇਰ ਪਟੀਸ਼ਨ 'ਤੇ ਸੁਪਰੀਮ ਕੋਰਟ ਵਿਚਾਰ ਕਰਨ ਨੂੰ ਰਾਜ਼ੀ ਹੋ ਗਿਆ ਹੈ। ਇਹ ਪਟੀਸ਼ਨ ਵਕੀਲ ਸੋਨਾ ਖਾਨ ਸਮੇਤ ਹੋਰ ਲੋਕਾਂ ਨੇ ਦਾਇਰ ਕੀਤੀ ਹੈ।

ਜਸਟਿਸ ਸੇਨ ਨੇ ਇਕ ਫੈਸਲੇ ਵਿੱਚ ਟਿੱਪਣੀ ਕੀਤੀ ਸੀ ਕਿ ਸਾਲ 1947 ਵਿੱਚ ਵੰਡ ਦੇ ਵੇਲੇ ਭਾਰਤ ਨੂੰ ਹਿੰਦੂ ਰਾਸ਼ਟਰ ਐਲਾਨ ਕਰ ਦਿੱਤਾ ਜਾਣਾ ਚਾਹੀਦਾ ਸੀ। ਚੀਫ ਜਸਟਿਸ ਰੰਜਨ ਗੋਗੋਈ ਅਤੇ ਜਸਟਿਸ ਸੰਜੀਵ ਖੰਨਾ ਦੀ ਬੈਂਚ ਨੇ ਇਸ ਬਾਰੇ ਸੁਪੀਰਮ ਕੋਰਟ ਦੇ ਰਜਿਸਟਰਾਰ ਜਨਰਲ ਅਤੇ ਮੇਘਾਲਿਆ ਹਾਈ ਕੋਰਟ ਨੂੰ ਨੋਟਿਸ ਜਾਰੀ ਕਰਕੇ ਜਵਾਬ ਮੰਗਿਆ ਹੈ। ਪਹਿਲਾਂ ਪਟੀਸ਼ਨਰ ਨੇ ਜਸਟਿਸ ਸੇਨ ਤੋਂ ਜੁਡੀਸ਼ਲ ਕਾਰਜ ਖੋਹਣ ਅਤੇ ਵਿਵਾਦਤ ਟਿੱਪਣੀ ਨੂੰ ਹਟਾਉਣ ਦੀ ਮੰਗ ਕੀਤੀ ਸੀ, ਪਰ ਕੋਰਟ ਨੇ ਪਟੀਸ਼ਨ ਵਿੱਚ ਬਦਲਾਅ ਕਰਨ ਨੂੰ ਕਿਹਾ ਸੀ। ਜਸਟਿਸ ਸੇਨ ਨੇ ਫੈਸਲੇ ਵਿੱਚ ਕਿਹਾ ਸੀ, 'ਪਾਕਿਸਤਾਨ ਨੇ ਖੁਦ ਨੂੰ ਇਸਲਾਮਿਕ ਦੇਸ਼ ਐਲਾਨ ਕਰ ਲਿਆ ਸੀ। ਕਿਉਂਕਿ ਧਰਮ ਦੇ ਆਧਾਰ 'ਤੇ ਦੇਸ਼ ਦੀ ਵੰਡ ਹੋਈ ਸੀ, ਲਿਹਾਜ਼ਾ ਭਾਰਤ ਨੂੰ ਹਿੰਦੂ ਰਾਸ਼ਟਰ ਐਲਾਨ ਕਰਨਾ ਚਾਹੀਦਾ ਸੀ।'

# ਪੁਲਵਾਮਾ ਹਮਲੇ ਦੀ ਜਾਂਚ ਵਿੱਚ ਐੱਨ ਆਈ ਏ ਨੂੰ ਸਫਲਤਾ ਮਿਲੀ

ਨਵੀਂ ਦਿੱਲੀ, 26 ਫਰਵਰੀ (ਪੋਸਟ ਬਿਊਰੋ)- ਐੱਨ ਆਈ ਏ ਦੀ ਜਾਂਚ ਵਿੱਚ ਪੁਲਵਾਮਾ ਅੱਤਵਾਦੀ ਹਮਲੇ ਦੀ ਸਾਜ਼ਿਸ਼ ਤੋਂ ਪਰਦਾ ਉਠਣਾ ਸ਼ੁਰੂ ਹੋ ਗਿਆ ਹੈ। ਜਾਂਚ ਏਜੰਸੀ ਨੇ ਹਮਲੇ ਵਿੱਚ ਵਰਤੀ ਗਈ ਗੱਡੀ ਦੇ ਅਸਲ ਮਾਲਕ ਦਾ ਪਤਾ ਲਾ ਲਿਆ ਹੈ। ਇਸ ਗੱਡੀ ਨੂੰ ਹਮਲੇ ਦੇ 10 ਦਿਨ ਪਹਿਲਾਂ ਖਰੀਦਿਆ ਗਿਆ ਸੀ ਅਤੇ ਖਰੀਦਣ ਵਾਲਾ ਸੱਜਾਦ ਭੱਟ ਜੈਸ਼ ਏ ਮੁਹੰਮਦ ਵਿੱਚ ਸ਼ਾਮਲ ਹੋ ਗਿਆ ਹੈ। ਐੱਨ ਆਈ ਏ ਇਸ ਹਮਲੇ ਵਿੱਚ ਮਦਦ ਕਰਨ ਵਾਲੇ ਦੂਸਰੇ ਲੋਕਾਂ ਦੀ ਪਛਾਣ ਕਰਨ ਦੀ ਕੋਸ਼ਿਸ਼ ਕਰ ਰਹੀ ਹੈ।



ਐੱਨ ਆਈ ਏ ਦੇ ਅਨੁਸਾਰ ਪੁਲਵਾਮਾ ਅੱਤਵਾਦੀ ਹਮਲੇ ਲਈ ਮਾਰੂਤੀ ਈਕੋ ਕਾਰ ਦਾ ਇਸਤੇਮਾਲ ਕੀਤਾ ਗਿਆ ਸੀ। ਸਭ ਤੋਂ ਪਹਿਲਾਂ ਇਹ ਕਾਰ 2011 ਵਿੱਚ ਅਨੰਤਨਾਗ ਦੇ ਵਸਨੀਕ ਮੁਹੰਮਦ ਜਲੀਲ ਅਹਿਮਦ ਹੱਕਾਨੀ ਨੇ ਖਰੀਦੀ ਸੀ। ਇਸ ਦੇ ਬਾਅਦ ਇਹ ਸੱਤ ਵਾਰ ਖਰੀਦੀ ਵੇਚੀ ਜਾ ਚੁੱਕੀ ਹੈ। ਆਖਰੀ ਵਾਰ ਅੱਤਵਾਦੀ ਹਮਲੇ ਦੇ 10 ਦਿਨ ਪਹਿਲਾਂ ਯਾਨੀ ਚਾਰ ਫਰਵਰੀ ਨੂੰ ਇਹ ਕਾਰ ਬਾਂਦੀਪੁਰਾ ਦੇ ਸੱਜਾਦ ਭੱਟ ਨੇ ਖਰੀਦੀ ਸੀ। ਸੱਜਾਦ ਭੱਟ ਸ਼ੋਪੀਆਂ ਦੇ ਸਿਰਾਜ ਉਲ ਉਲੂਮ ਮਦਰੱਸੇ ਦਾ ਵਿਦਿਆਰਥੀ ਹੈ। ਜੰਮੂ ਕਸ਼ਮੀਰ ਪੁਲਸ ਦੇ ਨਾਲ ਐੱਨ ਆਈ ਏ ਦੀ ਟੀਮ ਨੇ ਸ਼ਨੀਵਾਰ ਨੂੰ ਸੱਜਾਦ ਭੱਟ ਦੇ ਘਰ ਛਾਪਾ ਮਾਰਿਆ, ਪ੍ਰੰਤੂ ਉਹ ਘਰੋਂ ਗਾਇਬ ਸੀ। ਐੱਨ ਆਈ ਏ ਅਨੁਸਾਰ ਸੱਜਾਦ ਭੱਟ ਜੈਸ਼ ਏ ਮੁਹੰਮਦ ਦਾ ਅੱਤਵਾਦੀ ਬਣ ਚੁੱਕਾ ਹੈ ਤੇ ਸੋਸ਼ਲ ਮੀਡੀਆ ਵਿੱਚ ਹਥਿਆਰ ਦੇ ਨਾਲ ਉਸ ਦੀਆਂ ਤਸਵੀਰਾਂ ਆਈਆਂ ਹਨ। ਐੱਨ ਆਈ ਏ ਦੇ ਸੀਨੀਅਰ ਅਧਿਕਾਰੀ ਨੇ ਕਿਹਾ ਕਿ ਧਮਾਕੇ ਵਿੱਚ ਪੂਰੀ ਤਰ੍ਹਾਂ ਨੁਕਸਾਨੀ ਗਈ ਮਾਰੂਤੀ ਈਕੋ ਦੀ ਫੋਰੈਂਸਿਕ ਜਾਂਚ ਅਤੇ ਆਟੋਮੋਬਾਈਲ ਮਾਹਰਾਂ ਦੀ ਮਦਦ ਨਾਲ ਚੈਸਿਸ ਨੰਬਰ ਅਤੇ ਇੰਜਣ ਨੰਬਰ ਹਾਸਲ ਕੀਤਾ ਗਿਆ।

# ਦਿੱਲੀ ਵਿੱਚ ਬਣਾਈ ਕੌਮੀ ਜੰਗੀ ਯਾਦਗਾਰ ਦੇਸ਼ ਨੂੰ ਸਮਰਪਿਤ

ਨਵੀਂ ਦਿੱਲੀ, 26 ਫਰਵਰੀ (ਪੋਸਟ ਬਿਊਰੋ)- ਰਾਜਧਾਨੀ ਦਿੱਲੀ ਦੇ ਐਨ ਵਿਚਾਲੇ ਇੰਡੀਆ ਗੇਟ ਕੰਪਲੈਕਸ ਨੇੜੇ ਬਣੀ ਕੌਮੀ ਜੰਗੀ ਯਾਦਗਾਰ ਕੱਲ੍ਹ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਦੇਸ਼ ਨੂੰ ਸਮਰਪਿਤ ਕਰ ਦਿੱਤੀ। ਇਸ ਵਿੱਚ ਆਜ਼ਾਦੀ ਮਗਰੋਂ ਦੇਸ਼ ਲਈ ਜਾਨ ਦੇਣ ਵਾਲੇ ਫੌਜੀ ਜਵਾਨਾਂ ਦੇ ਬੁੱਤ ਲਾ ਕੇ ਉਨ੍ਹਾਂ ਦਾ ਸਨਮਾਨ ਕੀਤਾ ਗਿਆ ਹੈ।




ਲਗਭਗ 40 ਏਕੜ ਰਕਬੇ ਵਿੱਚ ਫੈਲੀ ਇਸ ਯਾਦਗਾਰ ਵਿੱਚ ਚਾਰ ਕੇਂਦਰੀ ਗੋਲ ਚੱਕਰ ਬਣਾਏ ਗਏ ਹਨ, ਜਿਨ੍ਹਾਂ ਨੂੰ 'ਅਮਰ ਚੱਕਰ, ਵੀਰਤਾ ਚੱਕਰ, ਤਿਆਗ ਚੱਕਰ ਤੇ ਰਕਸ਼ਕ ਚੱਕਰ ਦਾ ਨਾਂ ਦਿੱਤਾ ਗਿਆ ਹੈ। ਟੈਬਲੇਟ ਦੀ ਸ਼ਕਲ ਵਾਲੇ ਸਖਤ ਦਾਣੇਦਾਰ ਪੱਥਰਾਂ 'ਤੇ ਸੁਨਹਿਰੀ ਅੱਖਰਾਂ ਵਿੱਚ ਸ਼ਹਾਦਤ ਪਾਉਣ ਵਾਲੇ 25,942 ਫੌਜੀਆਂ ਦੇ ਨਾਂ ਲਿਖੇ ਗਏ ਹਨ। ਇਸ ਦੇ ਕੇਂਦਰ ਵਿੱਚ ਇਕ ਮੀਨਾਰ, ਅਮਰ ਜਿਓਤੀ ਅਤੇ ਛੱਤੀ ਹੋਈ ਗੈਲਰੀ ਵਿੱਚ ਤਾਂਬੇ ਦੇ ਛੇ ਕੰਧ ਚਿੱਤਰ ਹਨ, ਜੋ ਭਾਰਤੀ ਥਲ ਸੈਨਾ, ਹਵਾਈ ਸੈਨਾ ਅਤੇ ਜਲ ਸੈਨਾ ਵੱਲੋਂ ਲੜੀਆਂ ਮਕਬੂਲ ਜੰਗਾਂ ਨੂੰ ਬਿਆਨ ਕਰਦੇ ਹਨ। ਇਸ ਯਾਦਗਾਰ ਉਤੇ 176 ਕਰੋੜ ਰੁਪਏ ਲਾਗਤ ਆਈ ਹੈ। ਪ੍ਰਧਾਨ ਮੰਤਰੀ ਨੇ ਪੱਥਰ ਦੀ ਬਣੀ ਮੀਨਾਰ ਦੇ ਹੇਠਾਂ ਜਿਓਤੀ ਜਲਾ ਕੇ ਕੌਮੀ ਜੰਗੀ ਯਾਦਗਾਰ ਨੂੰ ਦੇਸ਼ ਨੂੰ ਸਮਰਪਿਤ ਕੀਤਾ। ਇਸ ਦੌਰਾਨ ਭਾਰਤੀ ਹਵਾਈ ਸੈਨਾ ਦੇ ਹੈਲੀਕਾਪਟਰਾਂ ਨੇ 'ਮਿਸਿੰਗ ਮੈਨ' ਫਾਰਮੇਸ਼ਨ ਵਿੱਚ ਫਲਾਈ ਪਾਸਟ ਕਰਦਿਆਂ ਫੁੱਲਾਂ ਦੀ ਵਰਖਾ ਕੀਤੀ।

ਕੌਮੀ ਯਾਦਗਾਰ ਵਿੱਚ ਉਨ੍ਹਾਂ ਸਿਪਾਹੀਆਂ ਨੂੰ ਸ਼ਰਧਾਂਜਲੀ ਦਿੱਤੀ ਗਈ ਹੈ, ਜਿਨ੍ਹਾਂ 1962 ਦੀ ਭਾਰਤ-ਚੀਨ ਜੰਗ, 1947, 1965 ਅਤੇ 1971 ਦੀਆਂ ਭਾਰਤ ਪਾਕਿ ਜੰਗਾਂ, ਸ੍ਰੀਲੰਕਾ ਵਿੱਚ ਭਾਰਤੀ ਫੌਜ ਵੱਲੋਂ ਸ਼ਾਂਤੀ ਲਈ ਚਲਾਏ ਗਏ ਅਪਰੇਸ਼ਨਾਂ ਅਤੇ 1999 ਦੀ ਕਾਰਗਿਲ ਜੰਗ ਦੌਰਾਨ ਜਾਨਾਂ ਵਾਰੀਆਂ ਸਨ। ਇਸ ਪ੍ਰਾਜੈਕਟ ਲਈ ਪ੍ਰਵਾਨਗੀ 18 ਦਸੰਬਰ 2015 ਨੂੰ ਦਿੱਤੀ ਗਈ ਅਤੇ ਅਸਲ ਕੰਮ ਪਿਛਲੇ ਸਾਲ ਫਰਵਰੀ ਵਿੱਚ ਸ਼ੁਰੂ ਹੋਇਆ ਸੀ। ਪੂਰੇ ਕੰਪਲੈਕਸ ਵਿੱਚ 16 ਕੰਧਾਂ ਉਸਾਰੀਆਂ ਗਈਆਂ ਹਨ। ਯਾਦਗਾਰ ਦੇ ਬਾਹਰਲੇ ਰਕਸ਼ਕ ਚੱਕਰ ਵਿੱਚ ਛੇ ਸੌ ਤੋਂ ਵੱਧ ਰੁੱਖ ਲਾਏ ਗਏ ਅਤੇ ਇਕ ਰੁੱਖ ਕਈ ਸਿਪਾਹੀਆਂ ਨੂੰ ਦਰਸਾਉਂਦਾ ਹੈ, ਜੋ ਹਰ ਸਮੇਂ ਦੇਸ਼ ਦੀ ਅਖੰਡਤਾ ਦੀ ਰਾਖੀ ਕਰਦੇ ਹਨ। ਯਾਦਗਾਰ ਕੰਪਲੈਕਸ ਵਿੱਚ ਪਰਮ ਯੋਧਾ ਸਥਲ ਵਿੱਚ ਪਰਮ ਚੱਕਰ ਹਾਸਲ ਕਰਨ ਵਾਲੇ 21 ਫੌਜੀਆਂ ਦੇ ਬੁੱਤ ਲਾਏ ਗਏ ਹਨ।

# ਅਡਾਨੀ ਗਰੁੱਪ ਨੇ ਪੰਜ ਹਵਾਈ ਅੱਡਿਆਂ ਦੀ ਬੋਲੀ 50 ਸਾਲ ਲਈ ਜਿੱਤੀ

ਨਵੀਂ ਦਿੱਲੀ, 26 ਫਰਵਰੀ (ਪੋਸਟ ਬਿਊਰੋ)- ਅਡਾਨੀ ਗਰੁੱਪ ਨੇ ਕੱਲ੍ਹ ਭਾਰਤ ਦੇ ਛੇ ਹਵਾਈ ਅੱਡਿਆਂ ਨੂੰ ਅਪਗ੍ਰੇਡ ਕਰਨ ਅਤੇ ਪ੍ਰਬੰਧ ਚਲਾਉਣ ਵਾਸਤੇ ਲਾਈ ਬੋਲੀ ਵਿੱਚੋਂ ਪੰਜਾਂ ਦੀ ਬੋਲੀ ਜਿੱਤ ਲਈ। ਇਹ ਬੋਲੀ ਏਅਰਪੋਰਟ ਅਥਾਰਟੀ ਆਫ ਇੰਡੀਆ (ਏ ਏ ਆਈ) ਨੇ ਕਰਵਾਈ ਸੀ, ਜਿਸ ਵਿੱਚੋਂ ਅਡਾਨੀ ਗਰੁੱਪ ਸਭ ਤੋਂ ਅੱਗੇ ਰਿਹਾ।

ਇਹ ਬੋਲੀ 50 ਸਾਲ ਦੇ ਸਮੇਂ ਲਈ ਲਾਈ ਗਈ ਸੀ ਅਤੇ ਇਸ ਨਾਲ 50 ਸਾਲ ਲਈ ਅਡਾਨੀ ਗਰੁੱਪ ਨੂੰ ਇਨ੍ਹਾਂ ਹਵਾਈ ਅੱਡਿਆਂ ਦਾ ਪ੍ਰਬੰਧ ਕਰਨ ਦਾ ਅਧਿਕਾਰ ਮਿਲ ਗਿਆ ਹੈ। ਅਡਾਨੀ ਗਰੁੱਪ ਨੂੰ ਲਖਨਊ, ਜੈਪੁਰ, ਅਹਿਮਦਾਬਾਦ, ਮੇਂਗਲੁਰੂ ਅਤੇ ਤਿਰੂਵਨੰਤਪੁਰਮ ਹਵਾਈ ਅੱਡਿਆਂ ਨੂੰ ਚਲਾਉਣ ਤੇ ਅਪਗ੍ਰੇਡ ਕਰਨ ਦਾ ਹੱਕ ਮਿਲਿਆ ਹੈ। ਏ ਏ ਆਈ ਨੇ ਜੇਤੂ ਦੀ ਚੋਣ 'ਪ੍ਰਤੀ ਯਾਤਰੀ ਫੀਸ' ਦੇ ਆਧਾਰ 'ਤੇ ਕੀਤੀ ਹੈ। ਇਨ੍ਹਾਂ ਛੇ ਹਵਾਈ ਅੱਡਿਆਂ ਦੇ ਪ੍ਰਬੰਧ ਲਈ 10 ਕੰਪਨੀਆਂ ਵੱਲੋਂ ਕੁੱਲ 32 ਤਕਨੀਕੀ ਬੋਲੀਆਂ ਦਿੱਤੀਆਂ ਗਈਆਂ ਸਨ। ਅਹਿਮਦਾਬਾਦ ਅਤੇ ਜੈਪੁਰ ਹਵਾਈ ਅੱਡਿਆਂ ਲਈ 6-6 ਬੋਲੀਆਂ ਲਗਾਈਆਂ ਗਈਆਂ। ਮੇਂਗਲੂਰੂ ਅਤੇ ਤਿਰੂਵਨੰਤਪੁਰਮ ਲਈ ਤਿੰਨ ਕੰਪਨੀਆਂ ਵਿੱਚ ਦੌੜ ਸੀ। ਪਿਛਲੇ ਨਵੰਬਰ ਵਿੱਚ ਸਰਕਾਰ ਨੇ ਦੇਸ਼ ਦੇ ਛੇ ਹਵਾਈ ਅੱਡਿਆਂ ਦਾ ਪ੍ਰਬੰਧ 'ਪਬਲਿਕ-ਪ੍ਰਾਈਵੇਟ ਪਾਟਨਰਸ਼ਿਪ' ਤਹਿਤ ਨਿੱਜੀ ਕੰਪਨੀਆਂ ਨੂੰ ਦੇਣ ਦਾ ਫੈਸਲਾ ਕੀਤਾ ਸੀ। ਹਾਲੇ ਤੱਕ ਇਥੇ ਜੀ ਐਮ ਆਰ ਅਤੇ ਜੀ ਵੀ ਕੇ ਵਰਗੀਆਂ ਕੰਪਨੀਆਂ ਦਾ ਹਵਾਈ ਵਪਾਰ 'ਤੇ ਕਬਜ਼ਾ ਰਿਹਾ ਹੈ। ਇਸ ਬੋਲੀ ਵਿੱਚ ਦਿੱਲੀ ਅਤੇ ਹੈਦਰਾਬਾਦ ਹਵਾਈ ਅੱਡਿਆਂ ਦਾ ਪ੍ਰਬੰਧ ਕਰਨ ਵਾਲੇ ਜੀ ਐਮ ਆਰ ਨੇ ਹੀ ਅਡਾਨੀ ਨਾਲ ਮੁਕਾਬਲਾ ਕੀਤਾ, ਪਰ ਜ਼ਿਆਦਾ ਬੋਲੀ ਇਸ ਵਾਰ ਅਡਾਨੀ ਗਰੁੱਪ ਨੇ ਲਗਾਈ। ਇਸ ਦੇ ਨਾਲ ਹੀ ਅਡਾਨੀ ਗਰੁੱਪ ਦਾ ਹਵਾਬਾਜ਼ੀ ਉਦਯੋਗ ਵਿੱਚ ਵੀ ਪ੍ਰਵੇਸ਼ ਹੋ ਜਾਵੇਗਾ।



## ਰਿਟਾਇਰਡ ਪੁਲਸ ਅਫਸਰ ਨੇ ਸੁਸਾਈਡ ਨੋਟ ਵਿੱਚ ਮਮਤਾ ਦਾ ਨਾਂਅ ਲਿਖਿਆ

ਕੋਲਕਾਤਾ, 26 ਫਰਵਰੀ (ਪੋਸਟ ਬਿਊਰੋ)- ਇੱਕ ਰਿਟਾਇਰਡ ਆਈ ਪੀ ਐੱਸ ਅਫਸਰ ਗੌਰਵਤ ਚੰਦਰਦੱਤ ਵੱਲੋਂ 19 ਫਰਵਰੀ ਨੂੰ ਕੀਤੀ ਖੁਦਕੁਸ਼ੀ ਦੇ ਕੇਸ ਵਿੱਚ ਪੱਛਮੀ ਬੰਗਾਲ ਦੀ ਮੁੱਖ ਮੰਤਰੀ ਮਮਤਾ ਬੈਨਰਜੀ ਵਿਰੋਧੀ ਧਿਰ ਦੇ ਨਿਸ਼ਾਨੇ 'ਤੇ ਆ ਗਈ ਹੈ। 1986 ਬੈਚ ਦੇ ਰਿਟਾਇਰਡ ਆਈ ਪੀ ਐੱਸ ਅਫਸਰ ਗੌਰਵ ਚੰਦਰਦੱਤ ਲਗਭਗ ਇੱਕ ਦਹਾਕੇ ਤੱਕ ਕੰਪਲਸਰੀ ਵੇਟ ਤੋਂ ਬਾਅਦ 31 ਦਸੰਬਰ 2018 ਨੂੰ ਰਿਟਾਇਰ ਕਰ ਦਿੱਤੇ ਗਏ ਸਨ। ਉਨ੍ਹਾਂ ਨੇ ਪੰਜ ਪੇਜ ਦਾ ਇੱਕ ਨੋਟ ਲਿਖਣ ਤੋਂ ਬਾਅਦ ਆਪਣੀ ਕੂਹਣੀ ਦੀ ਨਸ ਕੱਟ ਲਈ ਸੀ।

ਇਸ ਨੋਟ 'ਚ ਮ੍ਰਿਤਕ ਅਫਸਰ ਬੀਬੀ ਨੇ ਸਿਸਟਮ 'ਤੇ ਦੋਸ਼ ਲਾਇਆ ਸੀ ਕਿ ਉਨ੍ਹਾਂ ਨੂੰ ਬਿਨਾਂ ਕਿਸੇ ਸਹੀ ਤਰੀਕੇ ਨਾਲ ਸੁਣਵਾਈ ਤੋਂ 10 ਸਾਲ ਤੱਕ ਸਜ਼ਾ ਦਿੱਤੀ। ਇਸ ਵਿੱਚ ਕਿਹਾ ਗਿਆ, "ਲਗਾਤਾਰ ਟਾਰਚਰ ਅਤੇ ਅਪਮਾਨ ਨੇ ਮੈਨੂੰ ਇਹ ਕਦਮ ਚੁੱਕਣ ਲਈ ਮਜਬੂਰ ਕੀਤਾ ਹੈ।" ਬੀ ਜੇ ਪੀ ਦੇ ਕੌਮੀ ਸਕੱਤਰ ਰਾਹੁਲ ਸਿਨਹਾ ਨੇ ਕਿਹਾ ਕਿ ਉਹ ਕੇਂਦਰੀ ਗ੍ਰਹਿ ਮੰਤਰਾਲਾ ਨੂੰ ਇਸ ਗੱਲ ਦੀ ਅਪੀਲ ਕਰਨਗੇ ਕਿ ਇਸ ਦੀ ਡੂੰਘਾਈ ਨਾਲ ਜਾਂਚ ਕਰਵਾਈ ਜਾਵੇ ਕਿ ਆਖਿਰਕਾਰ ਸੂਬਾ ਸਰਕਾਰ ਨੇ ਦੱਤ ਦੇ ਖਿਲਾਫ 10 ਸਾਲ ਤੱਕ ਵਿਭਾਗੀ ਜਾਂਚ ਕਿਉਂ ਕਰਾਈ।"

## ਤਿੰਨ ਵਾਰ ਦੀ ਉਲੰਪੀਅਨ ਸ਼ੂਟਰ ਨੂੰ ਫਲਾਈਟ ਚੜ੍ਹਨੋਂ ਰੋਕ ਦਿੱਤਾ ਗਿਆ

ਨਵੀਂ ਦਿੱਲੀ, 26 ਫਰਵਰੀ (ਪੋਸਟ ਬਿਊਰੋ)- ਲੰਡਨ ਉਲੰਪਿਕ ਦੇ ਫਾਈਨਲ ਵਿੱਚ ਪਹੁੰਚਣ ਵਾਲੀ ਤਿੰਨ ਵਾਰ ਦੀ ਉਲੰਪੀਅਨ ਹੰਗਰੀ ਦੀ ਸ਼ੂਟਰ ਜੂਫੀਆ ਸੋਨਕਾ ਨੂੰ ਕੱਲ੍ਹ ਰਾਤ ਇੰਦਰਾ ਗਾਂਧੀ ਹਵਾਈ ਅੱਡੇ ਉਤੇ ਇਕ ਅੰਤਰਰਾਸ਼ਟਰੀ ਏਅਰਲਾਈਨਸ ਨੇ ਫਲਾਈਟ ਵਿੱਚ ਚੜ੍ਹਨ ਤੋਂ ਰੋਕ ਦਿੱਤਾ।

ਭਾਰਤੀ ਕਸਟਮ ਵੱਲੋਂ ਉਨ੍ਹਾਂ ਦੀ ਰਾਈਫਲ ਦੇ ਜ਼ਰੂਰੀ ਕਾਗਜ਼ਾਤ ਹਾਸਲ ਕਰਵਾਉਣ ਦੇ ਬਾਵਜੂਦ ਹੰਗਰੀ ਦੀ ਸਭ ਤੋਂ ਅਨੁਭਵੀ ਸ਼ੂਟਰ ਨੂੰ ਫਲਾਈਟ 'ਤੇ ਬੋਰਡਿੰਗ ਨਹੀਂ ਕਰਨ ਦਿੱਤੀ ਗਈ। ਸ਼ੂਟਰ ਪੂਰੀ ਰਾਤ ਏਅਰਪੋਰਟ 'ਤੇ ਫਸੀ ਰਹੀ ਅਤੇ ਕੱਲ੍ਹ ਸਵੇਰੇ ਮਜ਼ਬੂਰਨ ਉਸ ਨੂੰ ਸਾਥੀਆਂ ਨਾਲ ਹੋਟਲ ਮੁੜਨਾ ਪਿਆ। ਏਅਰਲਾਈਨਸ ਨੇ ਸ਼ੂਟਰ ਤੋਂ ਵਾਧੂ ਪੈਸਾ ਲੈ ਕੇ ਉਸ ਨੂੰ ਅਗਲੇ ਦਿਨ ਫਲਾਈਟ ਫੜਨ ਦੀ ਆਗਿਆ ਦੇ ਦਿੱਤੀ ਹੈ। 25 ਮੀਟਰ ਸਪੋਟਰਸ ਪਿਸਟਲ ਵਿੱਚ ਜੂਫੀਆ ਦੀ ਜੂਨੀਅਰ ਸਾਥੀ ਵੇਰੇਨਿਕਾ ਮੇਜਰ ਨੇ ਸੋਨ ਤਗਮਾ ਜਿੱਤਿਆ, ਪਰ ਉਹ 20ਵੇਂ ਸਥਾਨ 'ਤੇ ਰਹੀ। ਉਨ੍ਹਾਂ ਨੂੰ ਰਾਤ ਹੰਗਰੀ ਵਾਪਸ ਜਾਣਾ ਸੀ, ਪਰ ਉਨ੍ਹਾਂ ਦੀ ਰਾਈਫਲ ਦੇ ਜ਼ਰੂਰੀ ਕਾਗਜ਼ਾਤ ਰੇਂਜ 'ਤੇ ਰਹਿ ਗਏ। ਏਅਰਲਾਈਨਸ ਨੇ ਜਦ ਉਨ੍ਹਾਂ ਤੋਂ ਕਾਗਜ਼ ਮੰਗੇ ਤਾਂ ਉਨ੍ਹਾਂ ਨੂੰ ਇਨ੍ਹਾਂ ਦੇ ਰੇਂਜ 'ਤੇ ਰਹਿ ਜਾਣ ਬਾਰੇ ਪਤਾ ਲੱਗਾ। ਉਨ੍ਹਾਂ ਨੇ ਇਸ ਦੇ ਬਾਅਦ ਭਾਰਤੀ ਕਸਟਮ ਅਧਿਕਾਰੀਆਂ ਨੂੰ ਮਦਦ ਲਈ ਕਿਹਾ। ਐਨ ਆਰ ਏ ਆਈ ਅਤੇ ਕਸਟਮ ਨੇ ਮਿਲ ਕੇ ਜੂਫੀਆ ਦੀ ਮਦਦ ਕੀਤੀ ਅਤੇ ਆਉਣ ਦੇ ਦੌਰਾਨ ਜੋ ਉਨ੍ਹਾਂ ਨੂੰ ਰਾਈਫਲ ਦੇ ਕਾਗਜ਼ ਮਿਲੇ ਸਨ, ਉਹ ਕੱਢ ਕੇ ਏਅਰਲਾਈਨਸ ਨੂੰ ਸੌਂਪ ਦਿੱਤੇ। ਕਸਟਮ ਦੇ ਇੱਕ ਅਧਿਕਾਰੀ ਦੇ ਮੁਤਾਬਕ ਜੂਫੀਆ ਨੂੰ ਇਨ੍ਹਾਂ ਕਾਗਜ਼ਾਤਾਂ 'ਤੇ ਆਸਾਨੀ ਨਾਲ ਫਲਾਈਟ ਵਿੱਚ ਬੋਰਡਿੰਗ ਕਰਵਾਈ ਜਾ ਸਕਦੀ ਸੀ। ਪਰ ਉਨ੍ਹਾਂ ਦੀਆਂ ਕਾਫੀ ਕੋਸ਼ਿਸ਼ਾਂ ਦੇ ਬਾਵਜੂਦ ਅਜਿਹਾ ਨਹੀਂ ਕੀਤਾ ਗਿਆ।



## ਦੇਵਬੰਦ ਤੋਂ ਫੜੇ ਅੱਤਵਾਦੀਆਂ ਦੇ ਬੈਂਕ ਖਾਤਿਆਂ ਵਿੱਚ ਕਸ਼ਮੀਰ ਤੋਂ ਪੈਸਾ ਆਉਂਦਾ ਸੀ

ਦੇਵਬੰਦ, 26 ਫਰਵਰੀ (ਪੋਸਟ ਬਿਊਰੋ)- ਉੱਤਰ ਪ੍ਰਦੇਸ਼ ਦੇ ਕਸਬਾ ਦੇਵਬੰਦ ਤੋਂ ਗ੍ਰਿਫਤਾਰ ਕੀਤੇ ਜੈਸ਼ ਏ ਮੁਹੰਮਦ ਦੇ ਦੋਵੇਂ ਸ਼ੱਕੀ ਅੱਤਵਾਦੀਆਂ ਨੂੰ ਕਸ਼ਮੀਰ ਤੋਂ ਫੰਡਿੰਗ ਹੁੰਦੀ ਸੀ। ਉੱਤਰ ਪ੍ਰਦੇਸ਼ ਏ ਟੀ ਐੱਸ ਦੀ ਜਾਂਚ ਵਿੱਚ ਪਤਾ ਲੱਗਾ ਹੈ ਕਿ ਤਿੰਨ ਮਹੀਨੇ ਵਿੱਚ 12 ਵਾਰੀ ਪੈਸਾ ਆਇਆ ਸੀ। ਜਾਂਚ ਟੀਮ ਨੇ ਇੱਕ ਪਾਸਬੁੱਕ ਫੜੀ ਹੈ। ਇਹ ਵੀ ਖੁਲਾਸਾ ਹੋਇਆ ਹੈ ਕਿ ਅੱਤਵਾਦੀਆਂ ਦੀ ਉੱਤਰ ਪ੍ਰਦੇਸ਼ ਨੂੰ ਦਹਿਲਾਉਣ ਦੀ ਸਾਜ਼ਿਸ਼ ਸੀ।

ਪਤਾ ਲੱਗਾ ਹੈ ਕਿ ਕਸ਼ਮੀਰ ਤੋਂ ਪੈਸੇ ਲਗਾਤਾਰ ਦੋਵੇਂ ਅੱਤਵਾਦੀਆਂ ਦੇ ਖਾਤੇ ਵਿੱਚ ਆ ਰਹੇ ਸਨ। ਖਾਤਿਆਂ ਦੀ ਪੁਸ਼ਟੀ ਹੋ ਗਈ ਹੈ। ਜਾਂਚ ਏਜੰਸੀਆਂ ਨੂੰ ਸ਼ੱਕ ਹੈ ਕਿ ਅੱਤਵਾਦੀਆਂ ਨੂੰ ਮਿਲਦੇ ਪੈਸਿਆਂ ਨਾਲ ਜੁੜੇ ਕੁਝ ਹੋਰ ਖਾਤੇ ਵੀ ਹੋ ਸਕਦੇ ਹਨ। ਏ ਟੀ ਐੱਸ ਦੀ ਇੱਕ ਟੀਮ ਜਾਂਚ ਦੇ ਸਿਲਸਿਲੇ ਵਿੱਚ ਕਸ਼ਮੀਰ ਜਾਣ ਦੀ ਤਿਆਰੀ ਵਿੱਚ ਹੈ। 22 ਫਰਵਰੀ ਨੂੰ ਏ ਟੀ ਐੱਸ ਦੇ ਆਈ ਜੀ, ਐੱਮ ਅਰੁਣ ਨੇ ਦੇਵਬੰਦ ਤੋਂ ਜੈਸ਼-ਏ-ਮੁਹੰਮਦ ਦੇ ਸ਼ੱਕੀ ਅੱਤਵਾਦੀਆਂ ਸ਼ਾਹਨਵਾਜ਼ ਅਤੇ ਆਕਿਬ ਅਹਿਮਦ ਮਲਿਕ ਨੂੰ ਗ੍ਰਿਫਤਾਰ ਕੀਤਾ ਸੀ।

## ਪਾਰੇਸ਼ ਰਾਵਲ ਕਹਿੰਦੈ

# ਮੂਰਖਾਂ ਨੂੰ ਲੱਗਦੈ ਬੈਟਮੈਨ ਤੇ ਸੁਪਰਮੈਨ ਅਸਲ ਵਿੱਚ ਉਡਦੇ ਹਨ

ਨਵੀਂ ਦਿੱਲੀ, 26 ਫਰਵਰੀ (ਪੋਸਟ ਬਿਊਰੋ)- ਕੰਗਨਾ ਰਣੌਤ ਇਨ੍ਹੀਂ ਦਿਨੀਂ ਸੁਰਖੀਆਂ ਵਿੱਚ ਹੈ। ਪਹਿਲਾਂ ਉਹ ਆਪਣੀ ਫਿਲਮ 'ਮਣੀਕਰਣਿਕਾ' ਵਿੱਚ ਆਪਣੀ ਐਕਟਿੰਗ ਕਾਰਨ ਚਰਚਾ ਵਿੱਚ ਸੀ ਤੇ ਫਿਰ 'ਮਣੀਕਰਣਿਕਾ' ਦਾ ਉਸ ਦਾ ਇੱਕ ਸੀਨ ਸੋਸ਼ਲ ਮੀਡੀਆ 'ਤੇ ਵਾਇਰਲ ਹੋਇਆ ਜਿਸ ਵਿੱਚ ਉਹ ਡਮੀ ਹਾਰਸ ਚਲਾ ਰਹੀ ਸੀ।



ਇਸ ਤਰ੍ਹਾਂ ਸੋਸ਼ਲ ਮੀਡੀਆ 'ਤੇ ਕੰਗਨਾ ਰਣੌਤ ਬਾਰੇ ਫੈਂਸ ਨੇ ਟਰੋਲ ਕੀਤਾ। ਕੰਗਨਾ ਰਣੌਤ ਦੇ ਮਕੈਨੀਕਲ ਹਾਰਸ ਨੂੰ ਚਲਾਉਣ 'ਤੇ ਉਸ ਦਾ ਮਜ਼ਾਕ ਵੀ ਬਣਿਆ। ਕੰਗਨਾ ਰਣੌਤ ਨੂੰ ਸੋਸ਼ਲ ਮੀਡੀਆ 'ਤੇ ਬਾਲੀਵੁੱਡ ਐਕਟਰ ਅਤੇ ਭਾਜਪਾ ਪਾਰਲੀਮੈਂਟ ਮੈਂਬਰ ਪਰੇਸ਼ ਰਾਵਲ ਦਾ ਸਹਾਰਾ ਮਿਲ ਗਿਆ ਹੈ ਅਤੇ ਉਨ੍ਹਾਂ ਨੇ ਟ੍ਰੋਲਰਜ਼ ਨੂੰ ਜਵਾਬ ਦਿੱਤਾ ਹੈ। ਪਰੇਸ਼ ਰਾਵਲ ਨੇ ਟਵਿੱਟਰ 'ਤੇ ਅਨੁਪਮ ਖੇਰ ਦੇ ਇੱਕ ਟਵੀਟ 'ਤੇ ਅਪਲਾਈ ਕੀਤਾ ਹੈ।

ਅਨੁਪਮ ਖੇਰ ਨੇ ਕੰਗਨਾ ਰਣੌਤ ਨੂੰ ਨਿਸ਼ਾਨਾ ਬਣਾਉਣ ਵਾਲੇ ਇੱਕ ਟਵੀਟ 'ਤੇ ਆਪਣਾ ਜਵਾਬ ਲਿਖਿਆ ਸੀ। ਇੱਕ ਟਵਿੱਟਰ ਹੈਂਡਲ 'ਤੇ ਕੰਗਨਾ ਰਣੌਤ ਦਾ ਮਕੈਨੀਕਲ ਹਾਰਸ ਵਾਲਾ ਵੀਡੀਓ ਪੋਸਟ ਕਰ ਕੇ ਕਿਹਾ ਗਿਆ ਕਿ ਕੰਗਨਾ ਰਣੌਤ ਦੇ ਰਾਸ਼ਟਰਵਾਦ ਨੂੰ 10 ਸੈਕਿੰਡ ਵਿੱਚ ਪੇਸ਼ ਕਰਨਗੇ। ਇਸ 'ਤੇ ਅਨੁਪਮ ਖੇਰ ਨੇ ਲਿਖਿਆ, 'ਸੈਲਫ ਮੇਡ ਐਕਟ੍ਰੈੱਸ ਦੇ ਖਿਲਾਫ ਇਸ ਸ਼ਖਸ ਦੇ ਮਨ ਵਿੱਚ ਕਿੰਨਾ ਜ਼ਹਿਰ ਹੈ। ਇਸ ਨੂੰ ਬੇਵਕੂਫਾਨਾ ਹਰਕਤ ਕਹਿੰਦੇ ਹਨ। ਦੁਨੀਆ ਦੇ ਐਕਟਰ ਅਜਿਹਾ ਹੀ ਕਰਦੇ ਹਨ। ਇਹ ਉਨ੍ਹਾਂ ਦਾ ਕੰਮ ਹੈ। ਉਨ੍ਹਾਂ ਨੂੰ ਦਹਾਕਿਆਂ ਤੱਕ ਫਿਲਮਾਂ ਵਿੱਚ ਆਪਣੀ ਮਿਹਨਤ ਦੇ ਲਈ ਪਛਾਣਿਆ ਜਾਂਦਾ ਰਹੇਗਾ।' ਬਾਲੀਵੁੱਡ ਐਕਟਰ ਪਰੇਸ਼ ਰਾਵਲ ਨੇ ਅਨੁਪਮ ਖੇਰ ਦੇ ਇਸ ਟਵੀਟ 'ਤੇ ਲਿਖਿਆ, 'ਇਨ੍ਹਾਂ ਮੂਰਖਾਂ ਨੂੰ ਲੱਗਦਾ ਹੈ ਕਿ ਹਾਲੀਵੁੱਡ ਫਿਲਮਾਂ ਦੇ ਸੁਪਰਮੈਨ ਅਤੇ ਬੈਟਮੈਨ ਅਸਲ ਵਿੱਚ ਉਡਦੇ ਹਨ ਅਤੇ ਇਹ ਕੈਮਰਾ ਟਰਿੱਕ ਜਾਂ ਸੀ ਜੀ ਇਫੈਕਟਸ ਨਹੀਂ ਹੈ। ਇਸ ਤਰ੍ਹਾਂ ਪਰੇਸ਼ ਰਾਵਲ ਅਤੇ ਅਨੁਪਮ ਖੇਰ ਕੰਗਨਾ ਰਣੌਤ ਨੂੰ ਟਰੋਲ ਕਰਨ ਵਾਲਿਆਂ ਨੂੰ ਜਵਾਬ ਦੇ ਰਹੇ ਹਨ।

## ਰਾਬਰਟ ਵਾਡਰਾ ਦੇ ਖਿਲਾਫ ਜਾਂਚ ਉੱਤੇ ਰੋਕ ਨਹੀਂ ਲੱਗੇਗੀ

ਨਵੀਂ ਦਿੱਲੀ, 26 ਫਰਵਰੀ (ਪੋਸਟ ਬਿਊਰੋ)- ਪਟਿਆਲਾ ਹਾਊਸ ਦੀ ਵਿਸ਼ੇਸ਼ ਅਦਾਲਤ ਨੇ ਰਾਬਰਟ ਵਾਡਰਾ ਦੀ ਉਸ ਅਰਜ਼ੀ ਨੂੰ ਮੰਨਣ ਤੋਂ ਇਨਕਾਰ ਕਰ ਦਿੱਤਾ ਹੈ, ਜਿਸ ਵਿੱਚ ਉਨ੍ਹਾਂ ਖਿਲਾਫ ਚੱਲਦੀ ਇਨਫੋਰਸਮੈਂਟ ਡਾਇਰੈਕਟੋਰੇਟ (ਈ ਡੀ) ਦੀ ਜਾਂਚ ਉੱਤੇ ਰੋਕ ਲਾਉਣ ਦੀ ਮੰਗ ਕੀਤੀ ਗਈ ਸੀ।

ਕੱਲ੍ਹ ਅਦਾਲਤ ਨੇ ਰਾਬਰਟ ਵਾਡਰਾ ਨੂੰ ਕਿਹਾ ਹੈ ਕਿ ਉਹ ਜਾਂਚ 'ਚ ਸਹਿਯੋਗ ਕਰਨ ਅਤੇ ਇਨਫੋਰਸਮੈਂਟ (ਈ ਡੀ) ਦੀ ਪੁੱਛਗਿੱਛ ਵਿੱਚ ਸ਼ਾਮਲ ਹੋਣ। ਨਾਲ ਅਦਾਲਤ ਨੇ ਈ ਡੀ ਨੂੰ ਨਿਰਦੇਸ਼ ਦਿੱਤਾ ਕਿ ਉਹ ਪੰਜ ਦਿਨਾਂ ਦੇ ਅੰਦਰ ਸਾਰੇ ਦਸਤਾਵੇਜ਼ ਵਾਡਰਾ ਨੂੰ ਦੇਵੇ, ਜਿਹੜੇ ਪਿਛਲੇ ਸਾਲ ਉਨ੍ਹਾਂ ਦੇ ਦਫਤਰ 'ਤੇ ਰੇਡ ਦੌਰਾਨ ਸੀਜ਼ ਕੀਤੇ ਗਏ ਸਨ। ਵਾਡਰਾ ਦੀ ਅਰਜ਼ੀ 'ਤੇ ਸੁਣਵਾਈ ਹੁਣ ਦੋ ਮਾਰਚ ਨੂੰ ਹੋਵੇਗੀ। ਪਿਛਲੇ ਸਾਲ ਸੱਤ ਦਸੰਬਰ ਨੂੰ ਵਾਡਰਾ ਦੇ ਦਫਤਰ ਉੱਤੇ ਈ ਡੀ ਨੇ ਛਾਪਾ ਮਾਰਿਆ ਅਤੇ ਕੁਝ ਦਸਤਾਵੇਜ਼ ਸੀਜ਼ ਕੀਤੇ ਸਨ। ਇਸ ਮਗਰੋਂ ਵਾਡਰਾ ਨੇ ਅਦਾਲਤ ਵਿੱਚ ਅਰਜ਼ੀ ਦਾਇਰ ਕਰਕੇ ਕਿਹਾ ਸੀ ਕਿ ਸੀਜ਼ ਕੀਤੇ ਗਏ ਦਸਤਾਵੇਜ਼ਾਂ ਦੀ ਕਾਪੀ ਉਨ੍ਹਾਂ ਨੂੰ ਵੀ ਦਿੱਤੀ ਜਾਵੇ। ਕੱਲ੍ਹ ਸੁਣਵਾਈ ਦੌਰਾਨ ਵਾਡਰਾ ਦੇ ਵਕੀਲ ਨੇ ਅਦਾਲਤ ਨੂੰ ਕਿਹਾ ਕਿ ਚੋਣਾਂ ਨਜ਼ਦੀਕ ਹਨ, ਇਸ ਲਈ ਇਹ ਕਾਰਵਾਈ ਕੀਤੀ ਜਾ ਰਹੀ ਹੈ। ਦੱਸਣ ਯੋਗ ਹੈ ਕਿ ਵਾਡਰਾ ਖਿਲਾਫ ਵਿਦੇਸ਼ 'ਚ ਸ਼ੱਕੀ ਜਾਇਦਾਦ ਅਤੇ ਬੀਕਾਨੇਰ 'ਚ ਜ਼ਮੀਨ ਖਰੀਦਣ ਦੀ ਜਾਂਚ ਚੱਲ ਰਹੀ ਹੈ।

## ਪਾਕਿਸਤਾਨੀ ਫੌਜ ਦੀ ਪ੍ਰੈਸ ਕਾਨਫਰੰਸ ਦਾ ਕਵਰ ਕਰਨ ਵਾਲੇ 13 ਚੈਨਲਾਂ ਨੂੰ ਨੋਟਿਸ

ਨਵੀਂ ਦਿੱਲੀ, 26 ਫਰਵਰੀ (ਪੋਸਟ ਬਿਊਰੋ)- ਭਾਰਤ ਸਰਕਾਰ ਨੇ ਪਾਕਿਸਤਾਨੀ ਫੌਜ ਦੀ ਪ੍ਰੈਸ ਕਾਨਫਰੰਸ ਦਾ ਸਿੱਧਾ ਪ੍ਰਸਾਰਨ ਕਰਨ ਬਾਰੇ ਦੇਸ਼ ਦੇ 13 ਸਮਾਚਾਰ ਚੈਨਲਾਂ ਨੂੰ ਨੋਟਿਸ ਭੇਜਿਆ ਹੈ। ਇਨ੍ਹਾਂ ਵਿੱਚ ਤਿਰੰਗਾ ਟੀ ਵੀ, ਨਿਊਜ਼ 18 ਇੰਡੀਆ, ਏ ਬੀ ਪੀ ਨਿਊਜ਼, ਸੂਰੀਆ ਸਮਾਚਾਰ, ਨਿਊਜ਼ ਨੈਸ਼ਨ, ਜੀ ਹਿੰਦੁਸਤਾਨ, ਟੋਟਲ ਟੀ ਵੀ, ਏ ਬੀ ਪੀ ਮਾਝਾ, ਨਿਊਜ਼ 18 ਲੋਕਮਤ, ਜੈ ਮਹਾਰਾਸ਼ਟਰਾ, ਨਿਊਜ਼ 18 ਗੁਜਰਾਤੀ, ਨਿਊਜ਼ 24 ਅਤੇ ਸੰਦੇਸ਼ ਨਿਊਜ਼ ਸ਼ਾਮਲ ਹਨ।

ਵਰਨਣ ਯੋਗ ਹੈ ਕਿ ਕੇਂਦਰ ਸਰਕਾਰ ਨੇ ਪੁਲਵਾਮਾ ਹਮਲੇ ਨਾਲ ਜੁੜੀਆਂ ਖਬਰਾਂ ਦੇ ਪ੍ਰਸਾਰਨ ਵਿੱਚ ਸਾਵਧਾਨੀ ਵਰਤਣ ਬਾਰੇ ਪਹਿਲਾ ਹੀ ਸਮਾਚਾਰ ਚੈਨਲਾਂ ਨੂੰ ਐਡਵਾਈਜ਼ਰੀ ਜਾਰੀ ਕਰ ਰੱਖੀ ਸੀ। ਇਹ ਕਾਨੂੰਨ ਵਿਵਸਥਾ ਦੀ ਸਥਿਤੀ ਬਣਾਏ ਰੱਖਣ ਅਤੇ ਹਿੰਸਕ ਗਤੀਵਿਧੀਆਂ ਨੂੰ ਉਕਸਾਉਣ ਨਾ ਦਿੱਤੇ ਜਾਣ ਦੇ ਮਕਸਦ ਨਾਲ ਕੀਤਾ ਗਿਆ ਸੀ।

PLATINUM MORTGAGES
FOR ALL MORTGAGE NEEDS
QUICK MORTGAGE ARRANGEMENT
2ND MORTGAGE
- NO CREDIT CHECK
- NO APPLICATION FEE
- NO JOB INCOME VERIFICATION
- NO PROBLEM
1ST MORTGAGE Starting from 2.59 % OAC
SPECIAL RATES FOR REFINANCING
Professional & Quality Service Guaranteed


Kanwaljit S. Dhunna
Mortgage broker
416.301.1976
Email: kdhunna62@gmail.com
Lic # 11992 FSCO # M08002472
- 1st & 2nd Mortgages
- Refinancing & Renewal
- Line of Credit
- Debt Consolidation
- Self Employed
- Truck Loan
- Equipment Leasing
- Bad Credit
5 CHERRYCREST DR. #206 BRAMPTON L6P 3W4


Avtar Uppal
Manager
UPPAL LAW
FREE CONSULTATION !

Aman Uppal
BARRISTER, SOLICITOR
IMMIGRATION SERVICES :
- Visitor Visa ($200)
- Supervisa ($200)
- Study, Work, Visitor Extension ($125)
- Spousal Applications ($600)
- Family Sponsorship
- Permanent Residence Card Renewal ($65)
- Citizenship Applications ($70)
- All Invitation letters ($35)
OTHER PRACTICES:
- Criminal Law
- Power of Attorney ($60)
- Change of Name ($115)
- Notarization ($15)
- Travel Consent ($20)
- Affidavit ($35)
- Landlord and Tenant Matters ($250)
Prices are subject to Taxes, do not include Government fees and service by appointment only.
Offer valid until 9/30/201
Ph: 905-676-8200 Fax: 905-672-7848
351 Parkhurst Square, Brampton, ON L6T 5H5
2857 Derry Rd E, Mississauga, ON L4T 1A6

# ਭਾਰਤ ਦੀ ਕਿਸੇ ਫਿਲਮ ਨੂੰ 10 ਸਾਲ ਬਾਅਦ ਆਸਕਰ ਮਿਲਿਆ


ਫਿਲਮ ਦੇ ਪ੍ਰੋਡਿਊਸਰ ਆਸਕਰ ਅਵਾਰਡ ਲੈਣ ਤੋਂ ਬਾਅਦ।

ਲਾਸ ਏਂਜਲਸ, 26 ਫਰਵਰੀ (ਪੋਸਟ ਬਿਊਰੋ)- ਆਸਕਰ 2019 ਵਿੱਚ ਭਾਰਤ ਨੂੰ ਵੱਡੀ ਸਫਲਤਾ ਮਿਲੀ ਹੈ। ਭਾਰਤ ਨੇ ਪੇਂਡੂ ਖੇਤਰਾਂ ਵਿੱਚ ਮਾਹਵਾਰੀ ਦੇ ਸਮੇਂ ਔਰਤਾਂ ਨੂੰ ਹੋ ਵਾਲੀਆਂ ਸਮੱਸਿਆਵਾਂ ਅਤੇ ਸੈਨੇਟਰੀ ਨੈਪਕਿਨ ਦੀ ਅਣਹੋਂਦ ਬਾਰੇ ਬਣੀ ਸ਼ਾਰਟ ਫਿਲਮ 'ਪੀਰੀਅਡ ਐਂਡ ਆਫ ਸੈਂਟੈਂਸ' ਨੂੰ 'ਡਾਕੂਮੈਂਟਰੀ ਸ਼ਾਰਟ ਸਬਜੈਕਟ' ਸ਼੍ਰੇਣੀ ਦਾ ਆਸਕਰ ਐਵਾਰਡ ਮਿਲਿਆ ਹੈ। ਭਾਰਤ ਲਈ ਆਸਕਰ ਐਵਾਰਡ ਦਾ ਇਹ ਪਲ ਇੱਕ ਦਹਾਕੇ ਪਿੱਛੋਂ ਆਇਆ ਹੈ।

ਇਸ ਤੋਂ ਪਹਿਲਾਂ ਏ ਆਰ ਰਹਿਮਾਨ ਅਤੇ ਸਾਊਂਡ ਇੰਜੀਨੀਅਰ ਰਸੂਲ ਪੋਕੁੱਟੀ ਨੂੰ 'ਸਲੱਮ ਡਾਗ ਮਿਲੇਨੀਅਰ' ਦੇ ਲਈ 2009 ਵਿੱਚ ਆਸਕਰ ਨਾਲ ਸਨਮਾਨਤ ਕੀਤਾ ਗਿਆ ਸੀ। 'ਪੀਰੀਅਡ ਐਂਡ ਆਫ ਸੈਂਟੈਂਸ' ਫਿਲਮ ਦਾ ਨਿਰਦੇਸ਼ਨ ਰਾਏਕਾ ਜੇਹਤਾਬਚੀ ਨੇ ਕੀਤਾ ਹੈ ਅਤੇ ਇਸ ਨੂੰ ਭਾਰਤੀ ਪ੍ਰੋਡਿਊਸਰ ਗੁਨੀਤ ਮੋਂਗਾ ਦੀ 'ਸਿਖਿਆ ਐਂਟਰਟੇਨਮੈਂਟ' ਨੇ ਪ੍ਰੋਡਿਊਸ ਕੀਤਾ ਹੈ। ਇਹ ਡਾਕੂਮੈਂਟਰੀ 'ਆਕਵੁੱਡ ਸਕੂਲ ਇਨ ਲਾਸ ਏਂਜਲਸ' ਦੇ ਵਿਦਿਆਰਥੀਆਂ ਤੇ ਉਨ੍ਹਾਂ ਦੀ ਟੀਚਰ ਮਿਲੀਸਾ ਬਰਟਨ ਵੱਲੋਂ ਸ਼ੁਰੂ ਕੀਤੇ 'ਦਿ ਪੈਡ ਪ੍ਰੋਜੈਕਟ' ਦਾ ਹਿੱਸਾ ਹੈ। ਸ਼ਾਰਟ ਫਿਲਮ ਦੀ ਨਿਰਮਾਤਾ ਗੁਨੀਤ ਮੋਂਗਾ ਦਾ ਕਹਿਣਾ ਹੈ ਕਿ ਇਸ ਐਵਾਰਡ ਦੀ ਵਜ੍ਹਾ ਨਾਲ ਮਹਾਵਾਰੀ ਬਾਰੇ ਲੋਕਾਂ ਵਿੱਚ ਜਾਗਰੂਕਤਾ ਵਧੇਗੀ ਤੇ ਇਸ ਮੁੱਦੇ ਬਾਰੇ ਇੱਕ ਤਰ੍ਹਾਂ ਦੀ ਚੁੱਪ ਅਤੇ ਇਸ ਨੂੰ ਸ਼ਰਮਨਾਕ ਮੰਨਣ ਵਾਲੀ ਮਾਨਸਿਕਤਾ ਖਤਮ ਹੋਵੇਗੀ।

ਇਹ ਸ਼ਾਰਟ ਫਿਲਮ ਉੱਤਰ ਪ੍ਰਦੇਸ਼ ਦੇ ਹਾਪੁੜ ਦੀਆਂ ਲੜਕੀਆਂ ਦੇ ਜੀਵਨ 'ਤੇ ਬਣੀ ਹੈ। ਇਸ ਵਿੱਚ ਵਿਖਾਇਆ ਗਿਆ ਹੈ ਕਿ ਕਿਵੇਂ ਅੱਜ ਵੀ ਸਾਡੇ ਸਮਾਜ ਵਿੱਚ ਪਿੰਡਾਂ ਵਿੱਚ ਪੀਰੀਅਡ ਬਾਰੇ ਸ਼ਰਮ ਅਤੇ ਡਰ ਹੈ। ਮਾਹਵਾਰੀ ਵਰਗੇ ਅਹਿਮ ਮੁੱਦਿਆਂ ਬਾਰੇ ਲੋਕਾਂ ਵਿੱਚ ਅਜੇ ਵੀ ਜਾਗਰੂਕਤਾ ਦੀ ਕਮੀ ਹੈ। ਇਸ ਫਿਲਮ ਦੀ ਨਿਰਦੇਸ਼ਕਾ ਰਾਏਕਾ ਜੇਹਤਾਬਚੀ ਦਾ ਕਹਿਣਾ ਹੈ ਕਿ ਮੈਂ ਇਸ ਲਈ ਨਹੀਂ ਰੋ ਰਹੀ ਹਾਂ ਕਿ ਮੇਰੀ ਮਾਹਵਾਰੀ ਚੱਲ ਰਹੀ ਹੈ ਜਾਂ ਕੁਝ ਵੀ।

# ਅਮਰੀਕਾ ਵਿੱਚ ਇੱਕ ਸਿੱਖ ਬੀਬੀ ਮੇਅਰ ਬਣਨ ਦੀ ਦੌੜ ਵਿੱਚ ਸ਼ਾਮਲ

ਨਿਊ ਯਾਰਕ, 26 ਫਰਵਰੀ (ਪੋਸਟ ਬਿਊਰੋ)- ਅਮਰੀਕਾ ਵਿੱਚ ਪਹਿਲੀ ਸਿੱਖ ਮਹਿਲਾ ਪ੍ਰੀਤ ਡਿਡਬਾਲ ਦੇ ਮੇਅਰ ਬਣਨ ਦੇ ਦੋ ਸਾਲ ਮਗਰੋਂ ਇੱਕ ਹੋਰ ਪੰਜਾਬੀ ਔਰਤ ਜਸ ਸੰਘਾ ਨੇ ਟਰੇਸੀ ਦੇ ਮੇਅਰ ਅਹੁਦੇ ਲਈ ਚੋਣ ਮੁਹਿੰਮ ਸ਼ੁਰੂ ਕੀਤੀ ਹੈ। ਪ੍ਰੀਤ ਡਿਡਬਾਲ ਸਾਲ 2017 ਵਿੱਚ ਕੈਲੇਫੋਰਨੀਆ ਸੂਬੇ ਦੇ ਯੂਬਾ ਸਿਟੀ ਦੀ ਮੇਅਰ ਚੁਣੀ ਗਈ ਸੀ। ਰੈਬਬ੍ਰਿਜ ਟੂ ਅੰਡਰ ਦਿ ਬ੍ਰਿਜ ਸਲੋਗਨ ਨਾਲ ਮਹਿਲਾ ਵਪਾਰੀ ਸੰਘਾ ਨੇ ਆਪਣੇ ਚੋਣ ਪ੍ਰਚਾਰ ਨੂੰ ਸ਼ੁਰੂ ਕੀਤਾ ਹੈ।


ਪ੍ਰਚਾਰ ਦੌਰਾਨ ਟਰੇਸੀ ਤੋਂ ਮੇਅਰ ਪਦ ਦੀ ਦਾਅਵੇਦਾਰ ਜਸ ਸੰਘਾ।

ਫੌਜੀ ਅਧਿਕਾਰੀ ਦੀ ਧੀ ਜਸ ਸੰਘਾ ਦਾ ਪਾਲਣ ਪੋਸ਼ਣ ਮੁੰਬਈ ਵਿੱਚ ਹੋਇਆ ਅਤੇ ਉਹ 1986 ਵਿੱਚ ਅਮਰੀਕਾ ਚਲੇ ਗਏ। ਉਹ ਸਾਲ 2000 ਤੋਂ ਟਰੇਸੀ ਵਿੱਚ ਰਹਿ ਰਹੇ ਹਨ। ਸਾਲ 2010 ਵਿੱਚ ਸਿਟੀ ਕੌਂਸਲ ਦੀ ਚੋਣ ਹਾਰਨ ਦੇ ਬਾਵਜੂਦ ਉਹ ਆਪਣੀਆਂ ਕੋਸ਼ਿਸ਼ਾਂ ਸਦਕਾ ਸਿਟੀ ਪਲਾਨਿੰਗ ਕਮਿਸ਼ਨਰ ਬਣੇ। ਸਾਲ 2015 ਵਿੱਚ ਟਰੇਸੀ ਚੈਂਬਰ ਆਫ ਕਾਮਰਸ ਨੇ ਜਸ ਸੰਘਾ ਨੂੰ ਉਨ੍ਹਾਂ ਵੱਲੋਂ ਵੱਖ-ਵੱਖ ਭਾਈਚਾਰਕ ਗਰੁੱਪਾਂ ਵਿਚਾਲੇ ਸਾਲ ਦੀ ਬਿਹਤਰੀਨ ਮਹਿਲਾ ਸਿਟੀਜ਼ਨ ਦਾ ਸਨਮਾਨ ਦਿੱਤਾ। ਕਿੰਬਲ ਹਾਈ ਸਕੂਲ ਵਿੱਚ ਦੀਵਾਲੀ ਦਾ ਤਿਉਹਾਰ ਅਤੇ ਪਹਿਲਾਂ ਸਿੱਖ ਰਵਾਇਤੀ ਅਤੇ ਵਿਦਿਅਕ ਸਮਾਗਮ ਕਰਾਉਣਾ ਵੀ ਇਨ੍ਹਾਂ ਕੋਸ਼ਿਸ਼ਾਂ ਵਿੱਚ ਸ਼ਾਮਲ ਸੀ।

ਸੰਘਾ ਦਾ ਮੰਨਣਾ ਹੈ ਕਿ ਉਹ ਫਾਲਤੂ ਖਰਚਿਆਂ ਵਿੱਚ ਯਕੀਨ ਨਹੀਂ ਕਰਦੇ ਜਾਂ ਆਪਣੇ ਭਾਈਚਾਰੇ ਤੇ ਇਲਾਕੇ ਦੇ ਲੋਕਾਂ ਦੀ ਸ਼ਮੂਲੀਅਤ ਤੋਂ ਬਿਨਾਂ ਉਹ ਕੋਈ ਵੀ ਫੈਸਲਾ ਨਹੀਂ ਲੈ ਸਕਦੇ। ਉਨ੍ਹਾਂ ਆਪਣੇ ਇਲਾਕੇ ਦੇ ਵੋਟਰਾਂ ਨਾਲ ਵਾਅਦਾ ਕੀਤਾ ਹੈ ਕਿ ਉਨ੍ਹਾਂ ਦੀ ਚੋਣ ਮੁਹਿੰਮ ਸਾਫ ਸੁਥਰੀ, ਮੁੱਦਿਆਂ 'ਤੇ ਆਧਾਰਤ ਅਤੇ ਚਿੱਕੜ ਉਛਾਲਣ ਵਾਲੀ ਰਾਜਨੀਤੀ ਤੋਂ ਮਹਿਰੂਮ ਹੈ। ਉਨ੍ਹਾਂ ਕਿਹਾ ਕਿ ਉਹ ਇਹ ਨਹੀਂ ਕਹਿੰਦੇ ਕਿ ਲੋਕ ਕੀ ਸੁਣਨਾ ਚਾਹੁੰਦੇ ਹਨ। ਇਹ ਸਾਰੀ ਟੀਮ ਦਾ ਉਪਰਾਲਾ ਹੈ, ਕੋਈ ਵੀ ਏਜੰਡਾ ਅਜਿਹਾ ਨਹੀਂ ਜਿਹੜਾ ਲੁਕਿਆ ਹੋਵੇ, ਉਹ ਸਾਰਿਆਂ ਲਈ ਕੰਮ ਕਰ ਰਹੇ ਹਨ। ਸੰਘਾ ਦੇ ਸੋਸ਼ਲ ਮੀਡੀਆ 'ਤੇ ਜ਼ਿਆਦਾ ਸਰਗਰਮ ਨਾ ਹੋਣ ਸੰਬੰਧੀ ਤਰਕ ਦਿੱਤਾ ਹੈ ਕਿ ਉਹ ਲੋਕਾਂ ਨਾਲ ਨਿੱਜੀ ਰਿਸ਼ਤਿਆਂ ਨੂੰ ਪਹਿਲ ਦਿੰਦੇ ਹਨ ਤੇ ਲੋਕ ਉਨ੍ਹਾਂ ਨੂੰ ਇਸ ਕਰ ਕੇ ਵੀ ਜਾਣਦੇ ਹਨ ਕਿ ਉਹ ਸਮਾਜਕ ਮੁੱਦਿਆਂ 'ਤੇ ਤਰਕ ਆਧਾਰਤ ਗੱਲਬਾਤ ਨੂੰ ਹਮੇਸ਼ਾ ਤਰਜੀਹ ਦੇਣ ਵਾਲੇ ਹਨ।

## ਨਵੇਂ ਨਿਯਮ ਜਿਓ ਤੋਂ ਬਿਨਾਂ ਬਾਕੀ ਟੈਲੀਕਾਮ ਕੰਪਨੀਆਂ ਦੇ ਖਿਲਾਫ: ਵੋਡਾਫੋਨ

ਬਾਰਸੀਲੋਨਾ, 26 ਫਰਵਰੀ (ਪੋਸਟ ਬਿਊਰੋ)- ਬ੍ਰਿਟੇਨ ਦੀ ਟੈਲੀਕਾਮ ਕੰਪਨੀ ਵੋਡਾਫੋਨ ਦੇ ਮੁੱਖ ਕਾਰਜਕਾਰੀ ਅਧਿਕਾਰੀ ਨਿਕ ਰੀਡ ਨੇ ਦੋਸ਼ ਲਾਇਆ ਹੈ ਕਿ ਭਾਰਤ ਵਿੱਚ ਪਿਛਲੇ ਦੋ ਸਾਲ ਵਿੱਚ ਟੈਲੀਕਾਮ ਨਿਯਮਾਂ ਨਾਲ ਜੁੜੇ ਜੋ ਨਿਯਮ ਬਣੇ ਹਨ, ਉਹ ਰਿਲਾਇੰਸ ਜਿਓ ਨੂੰ ਛੱਡ ਕੇ ਬਾਕੀ ਸਭ ਕੰਪਨੀਆਂ ਦੇ ਖਿਲਾਫ ਹਨ। ਵੋਡਾਫੋਨ, ਭਾਰਤ ਦੇ ਆਦਿੱਤਯ ਬਿਰਲਾ ਗਰੁੱਪ (ਆਈਡੀਆ) ਨਾਲ ਮਿਲ ਕੇ ਵੋਡਾਫੋਨ-ਆਈਡੀਆ ਲਿਮਟਿਡ ਵਜੋਂ ਕੰਮ ਕਰ ਰਹੀ ਹੈ। ਰੀਡ ਨੇ ਕਿਹਾ ਕਿ ਭਾਰਤ ਵਿੱਚ ਉਸ ਦਾ ਕਾਰੋਬਾਰ ਬੇਹੱਦ ਬੁਰੇ ਦੌਰ ਵਿੱਚੋਂ ਲੰਘਿਆ ਹੈ, ਪਰ ਕੰਪਨੀ ਦੀ ਸਥਿਤੀ ਠੀਕ ਹੈ ਅਤੇ ਉਹ ਨੈੱਟਵਰਕ 'ਤੇ ਨਿਵੇਸ਼ ਕਰਨ ਦੀ ਯੋਜਨਾ ਲੈ ਕੇ ਚੱਲ ਰਹੀ ਹੈ। ਕੰਪਨੀ ਆਪਣੀ ਜਾਇਦਾਦਾਂ ਨੂੰ ਵੇਚ ਵੀ ਸਕਦੀ ਹੈ। ਰੀਡ ਨੇ ਕਿਹਾ, ਮੇਰਾ ਮੰਨਣਾ ਹੈ ਕਿ ਨਿਯਮਾਂ ਦੇ ਸੰਦਰਭ ਵਿੱਚ ਅਸੀਂ ਇੱਕੋ ਜਿਹੀ ਗੱਲ ਕੀਤੀ ਹੈ। ਪਿਛਲੇ ਦੋ ਸਾਲ ਵਿੱਚ ਕਈ ਅਜਿਹੇ ਨਿਯਮ ਬਣੇ ਹਨ, ਜੋ ਜਿਓ ਨੂੰ ਛੱਡ ਕੇ ਬਾਜ਼ਾਰ ਵਿੱਚ ਬਾਕੀ ਸਭ ਦੇ ਖਿਲਾਫ ਹਨ। ਅਸੀਂ ਇਹ ਗੱਲ ਸਪੱਸ਼ਟ ਤੌਰ 'ਤੇ ਰੱਖੀ ਹੈ।

# ਭਾਰਤ ਵਿੱਚ ਐਸਟੇਰਾਇਡ ਇੱਕ ਜਵਾਲਾਮੁਖੀ ਧਮਾਕਾ ਹੋਣ ਨਾਲ ਬਣਿਆ ਸੀ



ਲਾਸ ਏਂਜਲਸ, 26 ਫਰਵਰੀ (ਪੋਸਟ ਬਿਊਰੋ)- ਭਾਰਤ ਵਿੱਚ ਕਰੋੜਾਂ ਸਾਲ ਪਹਿਲਾਂ ਹੋਏ ਵੱਡੇ ਜਵਾਲਾਮੁਖੀ ਧਮਾਕੇ ਦਾ ਇਕ ਕਾਰਨ ਪਤਾ ਲੱਗਾ ਹੈ। ਇਕ ਖੋਜ 'ਚ ਦਾਅਵਾ ਕੀਤਾ ਗਿਆ ਹੈ ਕਿ ਜਿਸ ਐਸਟੇਰਾਇਡ ਦੇ ਅਸਰ ਨਾਲ ਧਰਤੀ ਤੋਂ ਡਾਇਨਾਸੋਰ ਦਾ ਸਫਾਇਆ ਹੋ ਗਿਆ, ਉਸੇ ਕਾਰਨ ਭਾਰਤ 'ਚ ਵੱਡੇ ਜਵਾਲਾਮੁਖੀ ਧਮਾਕੇ ਹੋਏ ਸਨ।

ਸਾਇੰਸ ਜਰਨਲ ਵਿੱਚ ਛਪੇ ਇਸ ਅਧਿਐਨ ਮੁਤਾਬਕ ਭਾਰਤ ਵਿੱਚ ਦੱਖਣੀ ਪਠਾਰ ਖੇਤਰ ਵਿੱਚ ਲਾਵਾ ਵਹਿਣ ਦੇ ਸਮੇਂ ਦੇ ਦੀ ਜ਼ਿਆਦਾ ਸਹੀ ਜਾਣਕਾਰੀ ਮਿਲੀ ਹੈ। ਇਸ ਦਾ ਸਬੰਧ ਕਰੀਬ 6.6 ਕਰੋੜ ਸਾਲ ਪਹਿਲਾਂ ਇੱਕ ਛੋਟੇ ਗ੍ਰਹਿ ਦੀ ਟੱਕਰ ਨਾਲ ਧਰਤੀ 'ਤੇ ਪਏ ਅਸਰ ਨਾਲ ਹੋ ਸਕਦਾ ਹੈ। ਇਸ ਅਧਿਐਨ ਨਾਲ ਜਵਾਲਾਮੁਖੀ ਫਟਣ ਅਤੇ ਇਸ ਨਾਲ ਲਾਵਾ ਦੇ ਵੱਡੇ ਵਹਿਣ ਦੇ ਇਤਿਹਾਸ ਦੀ ਨਵੀਂ ਜਾਣਕਾਰੀ ਮਿਲੀ ਹੈ। ਇਹ ਵੀ ਪਤਾ ਲੱਗਾ ਹੈ ਕਿ ਇਨ੍ਹਾਂ ਦਾ ਜਲਵਾਯੂ 'ਤੇ ਕਿਸ ਤਰ੍ਹਾਂ ਦਾ ਅਸਰ ਪਿਆ ਅਤੇ ਧਰਤੀ 'ਤੇ ਜੀਵਨ 'ਚ ਬਦਲਾਅ ਆਇਆ। ਅਮਰੀਕਾ ਦੀ ਕੈਲੀਫੋਰਨੀਆ ਯੂਨੀਵਰਸਿਟੀ ਦੇ ਖੋਜ ਕਰਤਾਵਾਂ ਮੁਤਾਬਕ ਜਵਾਲਾਮੁਖੀ ਧਮਾਕੇ ਕਾਰਨ ਕਰੀਬ 500 ਕਿਲੋਮੀਟਰ ਦੀ ਦੂਰੀ ਤੱਕ ਵਗੇ ਲਾਵੇ ਕਾਰਨ ਦੱਖਣੀ ਟ੍ਰੈਪ ਫਲੱਡ ਬੇਸਾਲਟ ਦਾ ਨਿਰਮਾਣ ਹੋਇਆ ਸੀ। ਇਹ ਕੁਝ ਥਾਵਾਂ 'ਤੇ ਦੋ ਕਿਲੋਮੀਟਰ ਤੱਕ ਮੋਟਾ ਹੈ।

# ਬੰਗਲਾ ਦੇਸ਼ ਵਿੱਚ ਜਹਾਜ਼ ਅਗਵਾ ਦੇ ਯਤਨ ਵਿੱਚ ਮਾਰੇ ਗਏ ਬੰਦੇ ਕੋਲ ਖਿਡੌਣਾ ਪਿਸਤੌਲ ਸੀ



ਢਾਕਾ, 26 ਫਰਵਰੀ (ਪੋਸਟ ਬਿਊਰੋ)- ਬੰਗਲਾ ਦੇਸ਼ 'ਚ ਐਤਵਾਰ ਨੂੰ ਢਾਕਾ ਤੋਂ ਦੁਬਈ ਜਾ ਰਹੀ ਬਿਮਾਨ ਬੰਗਲਾ ਦੇਸ਼ ਦੀ ਫਲਾਈਟ ਨੂੰ ਹਾਈਜੈਕ ਕਰਨ ਦੀ ਕੋਸ਼ਿਸ਼ 'ਚ ਮਾਰੇ ਗਏ ਆਦਮੀ ਕੋਲ ਖਿਡੌਣਾ ਪਿਸਤੌਲ ਸੀ ਅਤੇ ਉਸ ਕੋਲੋਂ ਕੋਈ ਵੀ ਬਾਰੂਦ ਵੀ ਨਹੀਂ ਮਿਲਿਆ। ਬੰਗਲਾ ਦੇਸ਼ ਪੁਲਸ ਇਸ ਕੇਸ ਦੀ ਜਾਂਚ ਕਰ ਰਹੀ ਹੈ। ਇਸ ਸੰਬੰਧ ਵਿੱਚ ਪੁਲਸ ਨੇ ਹਾਈਜੈਕਰ ਵੱਲੋਂ ਜਹਾਜ਼ ਦੇ ਅਗਵਾ ਕਰਨ ਦੀ ਜੋ ਕਹਾਣੀ ਦੱਸੀ ਹੈ, ਉਹ ਹੈਰਾਨੀ ਵਾਲੀ ਹੈ। ਏਅਰਪੋਰਟ ਮੈਨੇਜਰ ਵਿੰਗ ਕਮਾਂਡਰ ਸਰਵਰ-ਏ-ਜਮਾਂ ਨੇ ਦੱਸਿਆ ਕਿ ਵਿਅਕਤੀ ਦਿਮਾਗੀ ਤੌਰ 'ਤੇ ਪ੍ਰੇਸ਼ਾਨ ਸੀ। ਉਸ ਨੇ ਆਪਣੀ ਪਤਨੀ ਨਾਲ ਨਾਰਾਜ਼ਗੀ ਨੂੰ ਹਾਈਜੈਕ ਦਾ ਕਾਰਨ ਦੱਸਿਆ ਅਤੇ ਉਹ ਪ੍ਰਧਾਨ ਮੰਤਰੀ ਸ਼ੇਖ ਹਸੀਨਾ ਨਾਲ ਗੱਲ ਕਰਨਾ ਚਾਹੁੰਦਾ ਸੀ। ਦੂਸਰੇ ਪਾਸੇ ਇੱਕ ਯਾਤਰੀ ਨੇ ਦੱਸਿਆ ਕਿ ਅਗਵਾਕਾਰ ਨੇ ਸ਼ਾਇਦ ਦੋ ਵਾਰ ਫਾਇਰਿੰਗ ਵੀ ਕੀਤੀ ਸੀ, ਪਰ ਸਿਵਲ ਏਵੀਏਸ਼ਨ ਅਥਾਰਟੀ ਦੇ ਚੇਅਰਮੈਨ ਏਅਰਵਾਈਸ ਮਾਰਸ਼ਲ ਨਈਮ ਹਸਨ ਨੇ ਕਿਹਾ ਕਿ ਉਸ ਕੋਲ ਜਿਹੜਾ ਪਿਸਤੌਲ ਸੀ, ਉਹ ਅਸਲੀ ਨਹੀਂ ਸੀ।

# ਯਾਤਰੀ ਨੇ ਕਿਸਮਤ ਪਰਖਣ ਲਈ ਜਹਾਜ਼ ਦੇ ਇੰਜਣ ਵਿੱਚ ਸਿੱਕਾ ਸੁੱਟਿਆ

ਬੀਜਿੰਗ, 26 ਫਰਵਰੀ (ਪੋਸਟ ਬਿਊਰੋ)- ਅੱਜ ਕੱਲ੍ਹ ਲੋਕ ਜ਼ਿਆਦਾਤਰ ਹਵਾਈ ਯਾਤਰਾ ਪਸੰਦ ਕਰਦੇ ਹਨ ਅਤੇ ਇਸ ਬਾਰੇ ਦਿਲਚਸਪ ਕੇਸ ਸਾਹਮਣੇ ਆਉਂਦੇ ਰਹਿੰਦੇ ਹਨ। ਅਜਿਹਾ ਹੀ ਦਿਲਚਸਪ ਕੇਸ ਚੀਨ ਦਾ ਸਾਹਮਣੇ ਆਇਆ ਹੈ। ਇਕ ਚੀਨੀ ਯਾਤਰੀ ਨੂੰ ਆਪਣੀ ਕਿਸਮਤ ਚਮਕਾਉਣ ਦਾ ਟੋਟਕਾ ਮਹਿੰਗਾ ਪੈ ਗਿਆ ਹੈ।



ਅਸਲ ਵਿੱਚ ਚੀਨ ਵਿਚ ਮੰਨਿਆ ਜਾਂਦਾ ਹੈ ਕਿ ਜੇ ਜਹਾਜ਼ ਦੇ ਇੰਜਣ ਵਿਚ ਕੋਈ ਸਿੱਕਾ ਸੁੱਟ ਦੇਵੇ ਤਾਂ ਉਸ ਦੀ ਕਿਸਮਤ ਚਮਕ ਪੈਂਦੀ ਹੈ। ਇਹ ਸੋਚ ਕੇ ਇਕ ਚੀਨੀ ਯਾਤਰੀ ਨੇ ਜਹਾਜ਼ ਦੇ ਇੰਜਣ ਵਿਚ ਸਿੱਕਾ ਸੁੱਟ ਦਿੱਤਾ। ਯਾਤਰੀ ਦੀ ਇਸ ਹਰਕਤ ਨਾਲ ਉਸ ਦੀ ਕਿਸਮਤ ਨਹੀਂ ਚਮਕੀ, ਪਰ ਉਸ ਦੇ ਵਿਰੁੱਧ ਅਪਰਾਧਿਕ ਕੇਸ ਬਣ ਗਿਆ। ਇਕ ਅੰਗਰੇਜ਼ੀ ਅਖਬਾਰ ਦੀ ਵੈਬਸਾਈਟ ਮੁਤਾਬਕ ਇੰਜਣ ਵਿਚ ਸਿੱਕਾ ਫੱਸਣ ਨਾਲ ਜਹਾਜ਼ ਦੀ ਐਮਰਜੈਂਸੀ ਲੈਂਡਿੰਗ ਕਰਵਾਈ ਗਈ ਤੇ ਉਡਾਣ ਰੱਦ ਕਰਨੀ ਪਈ। ਇਸ ਨਾਲ ਜਹਾਜ਼ ਕੰਪਨੀ ਨੂੰ 21000 ਅਮਰੀਕੀ ਡਾਲਰ ਨੁਕਸਾਨ ਹੋਇਆ। ਚੀਨੀ ਯਾਤਰੀ ਦੀ ਇਸ ਲੱਕੀ ਫਲਾਈਟ ਵਿਚ 162 ਯਾਤਰੀ ਸਨ। ਸਾਰਿਆਂ ਨੂੰ ਲਾਹ ਕੇ ਕੁਝ ਘੰਟੇ ਬਾਅਦ ਦੂਜੇ ਜਹਾਜ਼ ਵਿੱਚ ਮੰਜ਼ਿਲ ਤੱਕ ਪੁਚ-ਾਇਆ ਗਿਆ। ਯਾਤਰੀ ਦਾ ਸੁੱਟਿਆ ਸਿੱਕਾ ਘੁੰਮ ਰਹੇ ਟਰਬਾਈਨ ਰਾਹੀਂ ਇੰਜਣ ਵਿਚ ਪਹੁੰਚ ਗਿਆ। ਜਹਾਜ਼ ਨੂੰ ਠੀਕ ਕਰਨ ਵਾਲੇ ਇੰਜੀਨੀਅਰਾਂ ਨੇ ਕਿਹਾ ਕਿ ਇਹ ਗੰਭੀਰ ਕੇਸ ਸੀ। ਇਹ ਘਟਨਾ ਚੀਨ ਦੇ ਅਨਹੁਈ ਰਾਜ ਦੇ ਟਿਯਾਨ ਝੁਸ਼ਾਨ ਹਵਾਈ ਅੱਡੇ ਦੀ ਹੈ। ਐਤਵਾਰ ਹਵਾਈ ਅੱਡੇ ਦੇ ਅਧਿਕਾਰੀਆਂ ਨੇ ਪਾਇਆ ਕਿ ਕਿਸੇ ਨੇ ਜਹਾਜ਼ ਦੇ ਇੰਜਣ ਵਿਚ 1 ਯੁਆਨ ਦਾ ਸਿੱਕਾ ਸੁੱਟ ਦਿੱਤਾ ਸੀ। ਜਹਾਜ਼ ਵਿਚ ਸਿੱਕਾ ਸੁੱਟਣ ਵਾਲੇ ਯਾਤਰੀ ਦੀ ਪਛਾਣ ਪਿੱਛੋਂ ਉਸ ਨੇ ਅਧਿਕਾਰੀਆਂ ਨੂੰ ਦੱਸਿਆ ਕਿ ਉਸ ਨੇ ਜਹਾਜ਼ ਵਿਚ ਚੜ੍ਹਦੇ ਸਮੇਂ ਇੰਜਣ ਵਿਚ ਸਿੱਕਾ ਸੁੱਟ ਦਿੱਤਾ ਸੀ। ਇਸ ਪਿੱਛੋਂ ਦੋਸ਼ੀ ਨੂੰ ਗ੍ਰਿਫਤਾਰ ਕਰ ਲਿਆ ਗਿਆ।

Call for Free Estimates
A-1 RENOVATION
GTA INC
416-456-1462
OVER 15 YEARS OF SERVICE
Professionals in Completing Basements within 3 Weeks
$1,000
Services:
• Complete Basement
• Tiles
• Bathrooms
• Plumbing
• Laminate
• Hardwood Floor
• Painting
info@a1renovationgta.com
www.a1renovationgta.com
A-1 RENOVATION GTA INC.
22 Listcreek Road, Brampton L6p 2n6



Honesty, Reliability, Commitment
HomeLife SilverCity
Hira Randhawa
Broker
• 1 yr Home Warranty
• 40% Discount on Brand Name
• Appliances & Furniture
• Free Evaluation & Lowest Commission
www.hirarandhawa.com
hirarandhawa@yahoo.ca
"OPEN HOUSE UNTIL SOLD"
For all your Real Estate needs: 416.319.0551 or 905.913.8585




$679,000
William Prkwy/Chinguacouasy
